ਸਿੱਖਿਅਤ ਮਨੁੱਖ ਅੱਜ ਦੇ ਸਮੇਂ ਦੀ ਮੰਗ ਹੈ। ਆਉਣ ਵਾਲੇ ਦਹਾਕੇ ਵਿੱਚ ਪੂਰੇ ਵਿਸ਼ਵ ਵਿੱਚੋਂ ਭਾਰਤ ਵਿੱਚ ਸੱਭ ਤੋਂ ਵੱਧ ਨੌਜੁਆਨ ਜਨਸੰਖਿਆ ਹੋਵੇਗੀ ਅਤੇ ਸਾਡੇ ਦੇਸ਼ ਦਾ ਭਵਿੱਖ ਉਹਨਾਂ ਨੂੰ ਉੱਚ ਪੱਧਰੀ ਸਿੱਖਿਆ ਮੌਕਿਆਂ ਨੂੰ ਮੁਹੱਈਆ ਕਰਾਉਣ ਦੀ ਸਾਡੀ ਸਮਰੱਥਾ ਤੈਅ ਕਰੇਗੀ। ਵਿਅਕਤੀ, ਸਮਾਜ ਅਤੇ ਦੇਸ਼ ਦੇ ਭਲੇ ਲਈ ਸਰਵਵਿਆਪੀ ਉੱਚ ਪੱਧਰੀ ਸਿੱਖਿਆ ਹੀ ਸਾਡੇ ਦੇਸ਼ ਦੇ ਉੱਤਮ ਹੁਨਰ ਤੇ ਸਰੋਤਾਂ ਨੂੰ ਵਿਕਸਿਤ ਕਰਨ ਅਤੇ ਵਿਗਸਣ ਲਈ ਸਭ ਤੋਂ ਵਧੀਆ ਢੰਗ ਹੈ। ਭਾਰਤ ਦੁਆਰਾ 2015 ਵਿੱਚ ਅਪਣਾਏ ਗਏ 'ਸਥਿਰ ਵਿਕਾਸ ਟੀਚੇ' 2030 ਤੱਕ ਸਮਾਵੇਸ਼ੀ ਅਤੇ ਸਮਾਨ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣਾ ਅਤੇ ਸਾਰਿਆਂ ਲਈ ਸਦੀਵੀ ਸਿੱਖਣ ਮੌਕਿਆਂ ਨੂੰ ਪ੍ਰਫੁੱਲਤ ਕਰਨ ਦੀ ਆਸ ਰੱਖਦਾ ਹੈ। ਇੰਨੇ ਉੱਚੇ ਟੀਚੇ ਦੀ ਪ੍ਰਾਪਤੀ ਲਈ ਸਾਰੇ ਸਿੱਖਿਆ ਢਾਂਚੇ ਨੂੰ ਸਹਿਯੋਗ ਅਤੇ ਸਿਖਲਾਈ ਨੂੰ ਉਤਸ਼ਾਹਿਤ ਕਰਨ ਲਈ ਮੁੜ ਸਰੰਚਿਤ ਹੋਣ ਦੀ ਜ਼ਰੂਰਤ ਹੈ। ਪੂਰਾ ਵਿਸ਼ਵ, ਗਿਆਨ ਧਰਾਤਲ ਉੱਤੇ ਤੇਜ਼ ਤਬਦੀਲੀਆਂ ਵਿੱਚੋਂ ਗੁਜ਼ਰ ਰਿਹਾ ਹੈ। ਇਸ ਲਈ ਇਹ ਗੰਭੀਰਤਾ ਵੱਧਦੀ ਜਾ ਰਹੀ ਹੈ ਕਿ ਬੱਚਾ ਨਾ ਸਿਰਫ਼ ਸਿੱਖੇ, ਬਲਕਿ ਜ਼ਿਆਦਾ ਪ੍ਰਮੁੱਖ ਇਹ ਹੈ ਕਿ ਕਿਵੇਂ ਸਿੱਖੇ?

- ਪੁਸਤਕ 'ਚੋਂ ਕੁਝ ਅੰਸ਼

ਸਮਰੱਥਾ ਨਿਰਮਾਣ ਅਧਿਆਪਨ ਸਮੱਗਰੀ ਲੈਕਚਰਾਰ ਪੰਜਾਬੀ

# ਸਮਰੱਥਾ ਨਿਰਮਾਣ ਅਧਿਆਪਨ ਸਮੱਗਰੀ

(ਲੈਕਚਰਾਰ ਪੰਜਾਬੀ)

## 2023–24

*Teaching-Learning Material For Capacity Building*

(Lecturer Punjabi)




SCERT

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ
ਵਰੁਣ ਮਾਰਗ, ਡਿਫੈਂਸ ਕਾਲੋਨੀ, ਨਵੀਂ ਦਿੱਲੀ-110024

# ਸਮਰੱਥਾ ਨਿਰਮਾਣ ਅਧਿਆਪਨ ਸਮੱਗਰੀ

## (ਲੈਕਚਰਾਰ ਪੰਜਾਬੀ)

## 2023-24

*Teaching-Learning Material For Capacity Building*

(Lecturer Punjabi)

स्वाध्यायान्मा प्रमदः


**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ**

ਵਰੁਣ ਮਾਰਗ, ਡਿਫੈਂਸ ਕਲੋਨੀ, ਨਵੀਂ ਦਿੱਲੀ-110024

# SAMRATHA NIRMAN ADHYAPAN SAMAGRI - PGT PUNJABI

ISBN: 978-81-19317-50-9
© State Council of Educational Research and Training, Delhi
AUGUST, 2023

Copies: 80

## BOOK DEVELOPMENT COMMITTEE

**Patron**

Sh. Ashok Kumar (IAS), Secretary (Education), GNCT of Delhi

**Advisor**

Dr. Rita Sharma, Director, SCERT, Delhi

**Academic Advisor**

Dr. Nahar Singh, Joint Director (Academics), SCERT, Delhi

**Nodal Officer**

Ms. Raman Arora, Assistant Professor, SCERT, New Delhi

**Authors /Contributors**

Ms. Tejinder Kaur, Lecturer (Punjabi), S.K.V., Rani Garden , Delhi
Ms. Balwinder Kaur, Lecturer (Punjabi), Retd., D.O.E., Delhi
Dr. Surinder Singh, Lecturer (Punjabi), S.B.V.,No.2, Tilak Nagar, Delhi
Sh. Sunil Kumar Bedi, Lecturer (Punjabi), Govt. Co-ed. S.S.S., Shakur Pur, Delhi
Ms. Saranjeet Kaur, Lecturer (Punjabi), S.G.T.B. Khalsa S.S.S.(B.), Dev Nagar,Delhi
Sh. Parkash Singh Gill, Lecturer (Punjabi), G.H.P.S., Loni Road, Delhi
Ms. Monika, Core Academic Unit, D.O.E., Delhi
Sh. Rohit Upadhyay, Mentor Teacher, D.O.E., Delhi
Ms. Raman Arora, Assistant Professor, SCERT, New Delhi

**Vetting Team**

Dr. Satish Kumar, Assistant Professor, S.G.N.D.Khalsa College, Dev Nagar, Delhi
Dr. Manjeet Singh, Assistant Professor, S.G.N.D.Khalsa College, Dev Nagar, Delhi

**Publication Officer**

Dr. Mukesh Yadav, SCERT, Delhi

**Publication Team**

Dinesh Kumar Sharma, SCERT, Delhi
Ms. Fouzia, SCERT, Delhi
Smt. Radha, SCERT, Delhi

**Printed By:**

Raj Printers, A-9, Sector B-2, Tronica City, Loni, Ghaziabad (U.P.)

## ਮੁੱਖ ਸਲਾਹਕਾਰ

ਸ਼੍ਰੀ ਅਸ਼ੋਕ ਕੁਮਾਰ, ਸਕੱਤਰ (ਸਿੱਖਿਆ), ਦਿੱਲੀ ਸਰਕਾਰ ਅਤੇ ਚੇਅਰਪਰਸਨ, ਐੱਸ.ਸੀ.ਈ.ਆਰ.ਟੀ, ਦਿੱਲੀ

## ਸਲਾਹਕਾਰ

ਡਾ. ਰੀਟਾ ਸ਼ਰਮਾ, ਡਾਇਰੈਕਟਰ, ਐੱਸ.ਸੀ.ਈ.ਆਰ.ਟੀ, ਦਿੱਲੀ

## ਅਕਾਦਮਿਕ ਸਲਾਹਕਾਰ

ਡਾ. ਨਾਹਰ ਸਿੰਘ, ਜੁਆਇੰਟ ਡਾਇਰੈਕਟਰ, ਐੱਸ.ਸੀ.ਈ.ਆਰ.ਟੀ, ਦਿੱਲੀ

## ਨੋਡਲ ਅਧਿਕਾਰੀ

ਸ਼੍ਰੀਮਤੀ ਰਮਨ ਅਰੋੜਾ, ਅਸਿਸਟੈਂਟ ਪ੍ਰੋਫ਼ੈਸਰ, ਐੱਸ.ਸੀ.ਈ.ਆਰ.ਟੀ, ਦਿੱਲੀ

## ਲੇਖਕ ਮੰਡਲ

ਸ਼੍ਰੀਮਤੀ ਤੇਜਿੰਦਰ ਕੌਰ-ਲੈਕਚਰਾਰ ਪੰਜਾਬੀ (ਸਰਵੋਦਿਆ ਕੰਨਿਆ ਵਿਦਿਆਲਾ, ਰਾਣੀ ਗਾਰਡਨ, ਦਿੱਲੀ)

ਸ਼੍ਰੀਮਤੀ ਬਲਵਿੰਦਰ ਕੌਰ ਖੁਰਾਣਾ- ਲੈਕਚਰਾਰ ਪੰਜਾਬੀ (ਰਿਟਾਇਰਡ, ਸਿੱਖਿਆ ਨਿਦੇਸ਼ਾਲਾ, ਦਿੱਲੀ)

ਡਾ. ਸੁਰਿੰਦਰ ਸਿੰਘ- ਲੈਕਚਰਾਰ ਪੰਜਾਬੀ (ਸਰਵੋਦਿਆ ਬਾਲ ਵਿਦਿਆਲਾ, ਨੰਬਰ-2, ਤਿਲਕ ਨਗਰ,ਦਿੱਲੀ)

ਸ਼੍ਰੀ ਸੁਨੀਲ ਕੁਮਾਰ- ਲੈਕਚਰਾਰ ਪੰਜਾਬੀ (ਸਰਕਾਰੀ ਸਹਿ-ਸਿੱਖਿਆ ਸੀਨੀਅਰ ਸੈਕੰਡਰੀ ਵਿਦਿਆਲਾ, ਸ਼ਕੂਰਪੁਰ, ਦਿੱਲੀ)

ਸ਼੍ਰੀਮਤੀ ਸਰਨਜੀਤ ਕੌਰ- ਲੈਕਚਰਾਰ ਪੰਜਾਬੀ (ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਬਾਲ), ਦੇਵ ਨਗਰ, ਦਿੱਲੀ)

ਸ਼੍ਰੀ ਪ੍ਰਕਾਸ਼ ਸਿੰਘ ਗਿੱਲ- ਲੈਕਚਰਾਰ ਪੰਜਾਬੀ (ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ,ਲੋਨੀ ਰੋਡ, ਸ਼ਾਹਦਰਾ)

ਸ਼੍ਰੀਮਤੀ ਮੋਨਿਕਾ- (ਕੋਰ ਅਕੈਡਮਿਕ ਯੂਨਿਟ, ਸਿੱਖਿਆ ਨਿਦੇਸ਼ਾਲਾ, ਦਿੱਲੀ)

ਸ਼੍ਰੀ ਰੋਹਿਤ ਉਪਾਧਿਆਇ- (ਮੈਂਟਰ ਟੀਚਰ, ਸਿੱਖਿਆ ਨਿਦੇਸ਼ਾਲਾ, ਦਿੱਲੀ)

ਸ਼੍ਰੀਮਤੀ ਰਮਨ ਅਰੋੜਾ- ਅਸਿਸਟੈਂਟ ਪ੍ਰੋਫ਼ੈਸਰ (ਐਸ.ਸੀ.ਈ.ਆਰ.ਟੀ, ਦਿੱਲੀ)

## ਵੈਟਿੰਗ ਕਮੇਟੀ

ਡਾ. ਸਤੀਸ਼ ਕੁਮਾਰ, ਅਸਿਸਟੈਂਟ ਪ੍ਰੋਫ਼ੈਸਰ (ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਦਿੱਲੀ)

ਡਾ. ਮਨਜੀਤ ਸਿੰਘ, ਅਸਿਸਟੈਂਟ ਪ੍ਰੋਫ਼ੈਸਰ (ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦੇਵ ਨਗਰ, ਦਿੱਲੀ)

## ਪ੍ਰਕਾਸ਼ਨ ਅਧਿਕਾਰੀ

ਡਾ. ਮੁਕੇਸ਼ ਯਾਦਵ- ਐੱਸ.ਸੀ.ਈ.ਆਰ.ਟੀ, ਦਿੱਲੀ

## ਪ੍ਰਕਾਸ਼ਨ ਟੀਮ

ਸ਼੍ਰੀ ਦਿਨੇਸ਼ ਕੁਮਾਰ ਸ਼ਰਮਾ- ਐੱਸ.ਸੀ.ਈ.ਆਰ.ਟੀ, ਦਿੱਲੀ

ਸ਼੍ਰੀਮਤੀ ਰਾਧਾ- ਐੱਸ.ਸੀ.ਈ.ਆਰ.ਟੀ, ਦਿੱਲੀ

ਸ੍ਰੀਮਤੀ ਫੌਜੀਆ, ਬੀ.ਆਰ.ਪੀ. ਐੱਸ.ਸੀ.ਈ.ਆਰ.ਟੀ, ਦਿੱਲੀ


## ਛਾਪਕ

ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ, ਦਿੱਲੀ

## ਪ੍ਰਿੰਟਰ

ਰਾਜ ਪ੍ਰਿੰਟਰਸ, ਏ-9, ਸੈਕਟਰ ਬੀ-2, ਟ੍ਰੋਨਿਕਾ ਸਿਟੀ, ਲੋਨੀ, ਗਾਜ਼ੀਆਬਾਦ (ਯੂ.ਪੀ.)

**Dr. Rita Sharma**
Director SCERT

SCERT
स्वाध्यायान्मा प्रमदः

**STATE COUNCIL OF EDUCATIONAL RESEARCH and TRAINING**
(An autonomous Organisation of GNCT of Delhi)
Varun Marg, Defence Colony, New Delhi-110024
Tel.: +91-11-24331356
E-mail : dir12scert@gmail.com

Date : 3/8/2023
D.O. No. : F.1.0(12)/Dir Conf/DPM/35

# ਸੰਦੇਸ਼

'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ' ਕਥਨ ਦੀ ਪੈਰਵਾਈ ਕਰਦਿਆਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਕੇਂਦਰ ਵਿੱਚ ਰੱਖਦਿਆਂ ਸਮੇਂ ਸਮੇਂ 'ਤੇ ਸਿੱਖਣ-ਸਿਖਾਉਣ ਦੇ ਨਵੀਨ ਮੌਕੇ ਪ੍ਰਦਾਨ ਕਰਦੀ ਰਹਿੰਦੀ ਹੈ। ਗੁਰੂਕੁਲ ਤੋਂ ਲੈ ਕੇ ਅਜੋਕੇ ਸਮੇਂ ਦੇ ਸਕੂਲ ਪ੍ਰਬੰਧ ਤੱਕ ਕਿਸੇ ਵੀ ਸੱਭਿਅਕ ਸਮਾਜ ਵਾਸਤੇ ਵਿੱਦਿਆ ਅਹਿਮ ਕੜੀ ਹੈ। ਸਾਡੇ ਪ੍ਰਾਚੀਨ ਗ੍ਰੰਥਾਂ ਵਿੱਚ ਵੀ ਗਿਆਨ,ਅਧਿਆਪਨ ਅਤੇ ਅਧਿਆਪਕ ਦੀ ਮਹੱਤਤਾ ਨੂੰ ਸਮਾਜ ਵਿਚਲੇ ਬਾਕੀ ਪਹਿਲੂਆਂ ਵਾਂਗ ਵਿਸ਼ੇਸ਼ ਰੂਪ ਵਿੱਚ ਉਭਾਰਿਆ ਗਿਆ ਹੈ ਜਿਸ ਵਿੱਚ ਵਿੱਦਿਆ ਲਈ ਪ੍ਰਕਾਸ਼ ਤੇ ਅਵਿੱਦਿਆ ਲਈ ਹਨੇਰੇ ਨੂੰ ਪ੍ਰਤੀਕ ਵਜੋਂ ਲਿਆ ਗਿਆ ਹੈ।ਅਜੋਕਾ ਸਮਾਂ ਤਕਨੀਕ ਦਾ ਯੁੱਗ ਹੈ ਜਿਸ ਵਿੱਚ ਵਿਗਿਆਨਿਕ ਤਰੱਕੀ ਸਦਕਾ ਸਮਾਜ ਵਿੱਚ ਨਿੱਤ ਨਵੇਂ ਆਯਾਮ ਵਿਭਿੰਨ ਖਿੱਤਿਆਂ ਵਿੱਚ ਹੋਂਦ ਧਾਰਨ ਕਰਦੇ ਹਨ। ਵਿਗਿਆਨਕ ਤਰੱਕੀ,ਤਕਨੀਕੀ ਯੁੱਗ ਅਤੇ ਪ੍ਰਤੀਯੋਗਤਾ ਦੇ ਦੌਰ ਸਦਕਾ ਕਈ ਅਦਾਰਿਆਂ ਵਾਂਗ ਵਿੱਦਿਅਕ ਅਦਾਰਿਆਂ ਨੂੰ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਵੀ ਸੱਭਿਅਕ ਸਮਾਜ ਵਾਸਤੇ ਵਿੱਦਿਅਕ ਅਦਾਰੇ ਕੇਂਦਰੀ ਕੜੀ ਤਹਿਤ ਵਿਚਰਦੇ ਹਨ। ਇਹਨਾਂ ਦਰਪੇਸ਼ ਚੁਣੌਤੀਆਂ, ਪ੍ਰਤੀਯੋਗਤਾ ਪ੍ਰਵਿਰਤੀ, ਤਕਨੀਕੀ ਵਿਕਾਸ, ਵਿਗਿਆਨਕ ਮਹੱਤਤਾ, ਅਧਿਆਪਕ ਦੀ ਮਹੱਤਤਾ, ਵਿਦਿਆਰਥੀ ਅਨੁਕੂਲ ਵਾਤਾਵਰਨ ਆਦਿ ਨੂੰ ਮੁੱਖ ਰੱਖਦਿਆਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ, ਦੁਆਰਾ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਨ ਕਰ ਰਹੇ ਅਧਿਆਪਕਾਂ ਲਈ ਬਦਲਦੇ ਆਯਾਮਾਂ ਅਤੇ ਸਮੇਂ ਦੇ ਹਾਣ ਦਾ ਹੋਣ ਵਾਸਤੇ ਸਹਾਇਤਾ ਲਈ ਇਹ ਲਿਖਤੀ ਮੋਡੀਊਲ ਤਿਆਰ ਕੀਤਾ ਹੈ ਜਿਸ ਵਿੱਚ ਰਾਸ਼ਟਰੀ ਸਿੱਖਿਆ ਨੀਤੀ 2020, ਯੋਗਤਾਪਰਕ ਮੁਲਾਂਕਣ, ਆਂਤਰਿਕ ਮੁਲਾਂਕਣ, ਸੂਚਨਾ ਤਕਨੀਕ ਦੀ ਮੁੱਢਲੀ ਜਾਣਕਾਰੀ, ਵਿਆਕਰਨ ਅਧਿਆਪਨ, ਪਾਠ-ਪੁਸਤਕ ਅਧਾਰਿਤ ਪਾਠ ਯੋਜਨਾ, ਪੰਜਾਬੀ ਭਾਸ਼ਾ ਤੇ ਕਿੱਤਾਮੁਖੀ ਅਵਸਰ ਆਦਿ ਵਰਗੇ ਕਈ ਵਿਸ਼ਿਆਂ ਤੇ ਚਰਚਾ ਕਰਦਿਆਂ ਇਹਨਾਂ ਦੇ ਵਿਭਿੰਨ ਪਹਿਲੂਅ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹਨਾਂ ਵਿਭਿੰਨ ਵਿਸ਼ਿਆਂ ਉੱਤੇ ਕੀਤੀ ਵਿਆਪਕ ਚਰਚਾ ਅਧਿਆਪਨ ਕਾਰਜ ਅਧੀਨ ਵਿਚਰ ਰਹੇ ਅਧਿਆਪਕਾਂ ਵਾਸਤੇ ਸਹਾਈ ਹੋਵੇਗੀ ਅਤੇ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ ਦੁਆਰਾ ਮਿੱਥੇ ਟੀਚਿਆਂ ਨੂੰ ਹਾਸਿਲ ਕਰਨ ਵਿੱਚ ਇਹ ਲਿਖਤੀ ਮੋਡੀਊਲ ਮੋਹਰੀ ਭੂਮਿਕਾ ਨਿਭਾਏਗਾ। ਇਸੇ ਉਮੀਦ ਤਹਿਤ....

ਰੀਟਾ ਸ਼ਰਮਾ

- ਡਾ. ਰੀਟਾ ਸ਼ਰਮਾ
ਡਾਇਰੈਕਟਰ
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ

**Dr. Nahar Singh**
Joint Director (Academic)

**State Council of Educational Research and Training**
(An autonomous Organisation of GNCT of Delhi)
Tel. : +91-11-24336818, 24331355, Fax : +91-11-24332426
Tel.: +91-11-24331355, Fax : +91-11-24332426
E-mail : jdscertdelhi@gmail.com

Date : 03/08/2023

D.O. No. : F.11(2)JDB(Acad)/Misc./SCERT/2023-24/1223

# ਸੰਦੇਸ਼

'ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨਾ ਹੋਇ' ਇਸ ਕਥਨ 'ਤੇ ਪਹਿਰਾ ਦਿੰਦਿਆਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁੱਖ ਰੱਖਦੇ ਹੋਏ ਨਵੇਂ-ਨਵੇਂ ਸਿੱਖਣ-ਸਿਖਾਉਣ ਦੇ ਮੌਕਿਆਂ ਨੂੰ ਉਸਾਰਦੀ ਰਹਿੰਦੀ ਹੈ। ਸਿੱਖਿਆ ਤੰਤਰ ਦੇ ਦੋ ਮੁੱਖ ਧੁਰੇ ਅਧਿਆਪਕ ਤੇ ਵਿਦਿਆਰਥੀ ਹਨ ਜਿਸ ਵਿੱਚ ਅਧਿਆਪਕ ਵਿੱਦਿਆ ਪ੍ਰਾਪਤੀ ਦੇ ਉਪਰੋਕਤ ਟੀਚੇ ਦੀ ਅਹਿਮ ਕੜੀ ਹੈ। ਇਸੇ ਕੜੀ ਵਿੱਚ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ, ਵੱਲੋਂ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ ਕਾਰਜਸ਼ੀਲ ਪੰਜਾਬੀ ਅਧਿਆਪਕਾਂ ਲਈ ਅੱਜ ਦੇ ਸਮੇਂ ਦੀਆਂ ਚੁਣੌਤੀਆਂ ਤੇ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਸ਼ੇ ਦੇ ਮਾਹਿਰਾਂ ਵੱਲੋਂ ਗੂੜ ਅਧਿਐਨ ਮਗਰੋਂ ਕੁੱਝ ਅਤਿ ਜ਼ਰੂਰੀ ਵਿਸ਼ਿਆਂ ਉੱਤੇ ਅਧਿਆਪਕਾਂ ਦੀ ਰਹਿਨੁਮਾਈ ਲਈ ਇਹ ਲਿਖਤੀ ਮੋਡੀਊਲ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਭਾਰਤ ਸਰਕਾਰ ਦੁਆਰਾ ਪੇਸ਼ ਰਾਸ਼ਟਰੀ ਸਿੱਖਿਆ ਨੀਤੀ 2020, ਯੋਗਤਾਪਰਕ ਪ੍ਰਸ਼ਨਾਂ ਦਾ ਨਿਰਮਾਣ, ਸੂਚਨਾ ਅਤੇ ਤਕਨੀਕ ਦੀ ਮੁੱਢਲੀ ਜਾਣਕਾਰੀ, ਆਂਤਰਿਕ ਮੁਲਾਂਕਣ ਅਤੇ ਮੁਲਾਂਕਣ ਦੇ ਢੰਗ/ਤਰੀਕੇ, ਪਾਠ-ਪੁਸਤਕਾਂ ਅਤੇ ਵਿਆਕਰਨ ਸਿੱਖਿਆ, ਭਾਸ਼ਾ ਪ੍ਰਤੀ ਵਿਦਿਆਰਥੀਆਂ ਦੀ ਰੁਚੀ ਵਿਕਸਿਤ ਕਰਨਾ, ਕਿੱਤਾਮੁਖੀ ਸਿੱਖਿਆ, ਪੰਜਾਬੀ ਭਾਸ਼ਾ ਅਤੇ ਰੁਜ਼ਗਾਰ ਦੀਆਂ ਸੰਭਾਵਨਾਵਾਂ, ਪ੍ਰਸ਼ਨ-ਪੱਤਰ ਨਿਰਮਾਣ ਤੇ ਹੱਲ ਕਰਨ ਦੇ ਨੁਕਤੇ ਆਦਿ ਵਿਸ਼ਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਮੇਂ-ਸਮੇਂ 'ਤੇ ਵਿੱਦਿਅਕ ਟੀਚਿਆਂ ਨੂੰ ਮੁੱਖ ਰੱਖਦਿਆਂ ਵਿਭਿੰਨ ਪ੍ਰਕਾਰ ਦੇ ਪ੍ਰਸਤਾਵ ਪੇਸ਼ ਹੁੰਦੇ ਰਹਿੰਦੇ ਹਨ ਜੋ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਸੰਬੰਧੀ ਸੰਸਥਾਵਾਂ ਦੀ ਪ੍ਰਤੀਬੱਧਤਾ ਉੱਤੇ ਮੋਹਰ ਲਗਾਉਂਦੇ ਹਨ। ਉਮੀਦ ਹੈ ਕਿ ਇਹ ਮੋਡੀਊਲ ਅਧਿਆਪਕਾਂ ਲਈ ਗਿਆਨਵਰਧਕ ਤੇ ਉਪਯੋਗੀ ਰਹੇਗਾ ਅਤੇ ਵਿਦਿਆਰਥੀ ਇਸ ਗਿਆਨ ਦਾ ਭਰਪੂਰ ਲਾਭ ਉਠਾਉਣਗੇ। ਇਸੇ ਆਸ ਨਾਲ...

- ਡਾ. ਨਾਹਰ ਸਿੰਘ
ਜੁਆਇੰਟ ਡਾਇਰੈਕਟਰ
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦਿੱਲੀ

# ਤਤਕਰਾ


| | | | |
|---|---|---|---|
| 1. | ਰਾਸ਼ਟਰੀ ਸਿੱਖਿਆ ਨੀਤੀ 2020 (ਇੱਕ ਨਜ਼ਰ ਭਾਸ਼ਾ ਦੇ ਸੰਦਰਭ ਵਿੱਚ) | ਮੋਨਿਕਾ | 09 |
| 2. | ਯੋਗਤਾਪਰਕ ਮੁਲਾਂਕਣ | ਰਮਨ ਅਰੋੜਾ | 17 |
| 3. | ਆਂਤਰਿਕ ਮੁਲਾਂਕਣ | ਤੇਜਿੰਦਰ ਕੌਰ | 26 |
| 4. | ਸੂਚਨਾ ਤਕਨੀਕ ਦੀ ਮੁੱਢਲੀ ਜਾਣਕਾਰੀ | ਰੋਹਿਤ ਉਪਾਧਿਆਇ ਅਨੁਵਾਦ: ਮੋਨਿਕਾ | 35 |
| 5. | ਵਿਆਕਰਨ ਅਧਿਆਪਨ | ਬਲਵਿੰਦਰ ਕੌਰ | 40 |
| 6. | ਪੰਜਾਬੀ ਸਭਿਆਚਾਰ ਅਧਾਰਿਤ ਸ਼ਬਦਾਵਲੀ | ਡਾ. ਸੁਰਿੰਦਰ ਸਿੰਘ | 45 |
| 7. | ਪਾਠ-ਪੁਸਤਕ ਅਧਾਰਿਤ ਪਾਠ ਯੋਜਨਾ | ਸਰਨਜੀਤ ਕੌਰ | 47 |
| 8. | ਪਾਠਕ੍ਰਮ, ਨਮੂਨੇ ਦਾ ਪ੍ਰਸ਼ਨ-ਪੱਤਰ ਅਤੇ ਹੱਲ ਕਰਨ ਦੇ ਨੁਕਤੇ | ਸੁਨੀਲ ਕੁਮਾਰ ਬੇਦੀ | 51 |
| 9. | ਪੰਜਾਬੀ ਭਾਸ਼ਾ ਅਤੇ ਕਿੱਤਾਮੁਖੀ ਅਵਸਰ | ਪ੍ਰਕਾਸ਼ ਸਿੰਘ ਗਿੱਲ | 62 |

# 1. ਰਾਸ਼ਟਰੀ ਸਿੱਖਿਆ ਨੀਤੀ 2020

(ਇੱਕ ਨਜ਼ਰ ਭਾਸ਼ਾ ਦੇ ਸੰਦਰਭ ਵਿੱਚ)

– ਮੋਨਿਕਾ

ਭਾਰਤੀ ਸੰਵਿਧਾਨ ਦੇ ਅਨੁਛੇਦ 29-30 ਅਨੁਸਾਰ ਸਿੱਖਿਆ ਇੱਕ ਮੌਲਿਕ ਅਧਿਕਾਰ ਹੈ ਅਤੇ ਇਸ ਮੌਲਿਕ ਅਧਿਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੇਂ-ਸਮੇਂ 'ਤੇ ਭਾਰਤ ਵਿੱਚ ਸਿੱਖਿਆ ਨੀਤੀਆਂ ਲਾਗੂ ਹੁੰਦੀਆਂ ਰਹੀਆਂ ਹਨ। ਜਿਵੇਂ ਕਿ ਰਾਸ਼ਟਰੀ ਸਿੱਖਿਆ ਨੀਤੀ 1986 ਅਤੇ ਸੋਧੀ ਹੋਈ ਰਾਸ਼ਟਰੀ ਸਿੱਖਿਆ ਨੀਤੀ 1992 (1986/92) ਅਤੇ 2009 ਵਿੱਚ ਅਨੁਛੇਦ 21A ਅਨੁਸਾਰ ਛੇ ਤੋਂ ਚੌਦਾਂ ਵਰਿਆਂ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ। 'ਰਾਸ਼ਟਰੀ ਸਿੱਖਿਆ ਨੀਤੀ 2020' ਇੱਕੀਵੀਂ ਸਦੀ ਦੀ ਪਹਿਲੀ ਸਿੱਖਿਆ ਨੀਤੀ ਹੈ। ਜਿਸਦਾ ਟੀਚਾ ਸਭ ਨੂੰ ਉੱਚ ਪੱਧਰੀ ਸਿੱਖਿਆ ਮੁਹੱਈਆ ਕਰਵਾ ਕੇ ਭਾਰਤ ਨੂੰ ਵਿਸ਼ਵਵਿਆਪੀ ਗਿਆਨ ਮਹਾਂਸ਼ਕਤੀ ਬਣਾਉਣਾ ਹੈ। ਇਹ ਸਿੱਖਿਆ ਨੀਤੀ ਅਜਿਹੇ ਸਿੱਖਿਆ ਤੰਤਰ ਦੀ ਕਲਪਨਾ ਕਰਦੀ ਹੈ ਜਿਸਦੀਆਂ ਜੜ੍ਹਾਂ ਭਾਰਤੀ ਲੋਕਾਚਾਰ ਵਿੱਚ ਹਨ।

ਸਿੱਖਿਅਤ ਮਨੁੱਖ ਅੱਜ ਦੇ ਸਮੇਂ ਦੀ ਮੰਗ ਹੈ। ਆਉਣ ਵਾਲੇ ਦਹਾਕੇ ਵਿੱਚ ਪੂਰੇ ਵਿਸ਼ਵ ਵਿੱਚੋਂ ਭਾਰਤ ਵਿੱਚ ਸੱਭ ਤੋਂ ਵੱਧ ਨੌਜਵਾਨ ਜਨਸੰਖਿਆ ਹੋਵੇਗੀ ਅਤੇ ਸਾਡੇ ਦੇਸ਼ ਦਾ ਭਵਿੱਖ ਉਹਨਾਂ ਨੂੰ ਉੱਚ ਪੱਧਰੀ ਸਿੱਖਿਆ ਮੌਕਿਆਂ ਨੂੰ ਮੁਹੱਈਆ ਕਰਾਉਣ ਦੀ ਸਾਡੀ ਸਮਰੱਥਾ ਤੈਅ ਕਰੇਗੀ। ਵਿਅਕਤੀ, ਸਮਾਜ ਅਤੇ ਦੇਸ਼ ਦੇ ਭਲੇ ਲਈ ਸਰਵਵਿਆਪੀ ਉੱਚ ਪੱਧਰੀ ਸਿੱਖਿਆ ਹੀ ਸਾਡੇ ਦੇਸ਼ ਦੇ ਉੱਤਮ ਹੁਨਰ ਤੇ ਸਰੋਤਾਂ ਨੂੰ ਵਿਕਸਿਤ ਕਰਨ ਅਤੇ ਵਿਗਸਣ ਲਈ ਸਭ ਤੋਂ ਵਧੀਆ ਢੰਗ ਹੈ। ਭਾਰਤ ਦੁਆਰਾ 2015 ਵਿੱਚ ਅਪਣਾਏ ਗਏ 'ਸਥਿਰ ਵਿਕਾਸ ਟੀਚੇ' 2030 ਤੱਕ ਸਮਾਵੇਸ਼ੀ ਅਤੇ ਸਮਾਨ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣਾ ਅਤੇ ਸਾਰਿਆਂ ਲਈ ਸਦੀਵੀ ਸਿੱਖਣ ਮੌਕਿਆਂ ਨੂੰ ਪ੍ਰਫੁੱਲਤ ਕਰਨ ਦੀ ਆਸ ਰੱਖਦਾ ਹੈ। ਇੰਨੇ ਉੱਚੇ ਟੀਚੇ ਦੀ ਪ੍ਰਾਪਤੀ ਲਈ ਸਾਰੇ ਸਿੱਖਿਆ ਢਾਂਚੇ ਨੂੰ ਸਹਿਯੋਗ ਅਤੇ ਸਿਖਲਾਈ ਨੂੰ ਉਤਸ਼ਾਹਿਤ ਕਰਨ ਲਈ ਮੁੜ ਸਰੰਚਿਤ ਹੋਣ ਦੀ ਜ਼ਰੂਰਤ ਹੈ। ਪੂਰਾ ਵਿਸ਼ਵ, ਗਿਆਨ ਧਰਾਤਲ ਉੱਤੇ ਤੇਜ਼ ਤਬਦੀਲੀਆਂ ਵਿੱਚੋਂ ਗੁਜ਼ਰ ਰਿਹਾ ਹੈ। ਇਸ ਲਈ ਇਹ ਗੰਭੀਰਤਾ ਵੱਧਦੀ ਜਾ ਰਹੀ ਹੈ ਕਿ ਬੱਚਾ ਨਾ ਸਿਰਫ਼ ਸਿੱਖੇ, ਬਲਕਿ ਜ਼ਿਆਦਾ ਪ੍ਰਮੁੱਖ ਇਹ ਹੈ ਕਿ ਕਿਵੇਂ ਸਿੱਖੇ?


ਭਾਰਤ ਲਈ ਇਹ ਟੀਚਾ ਹੋਣਾ ਚਾਹੀਦਾ ਹੈ ਕਿ ਉਸ ਕੋਲ 2040 ਤੱਕ ਇੱਕ ਅਜਿਹਾ ਸਿੱਖਿਆ ਪ੍ਰਬੰਧ ਹੋਵੇ, ਜਿਸ ਵਰਗਾ ਹੋਰ ਕੋਈ ਸਿੱਖਿਆ ਪ੍ਰਬੰਧ ਨਾ ਹੋਵੇ ਅਤੇ ਉਹ ਸਮਾਜਿਕ ਤੇ ਆਰਥਿਕ ਪਿਛੋਕੜ ਵੇਖੇ ਬਿਨਾਂ ਸਾਰੇ ਸਿਖਿਆਰਥੀਆਂ ਨੂੰ ਸਮਾਨ ਉੱਚ ਮਿਆਰੀ ਸਿੱਖਿਆ ਤੱਕ ਪਹੁੰਚ ਬਣਾਏ। ਰਾਸ਼ਟਰੀ ਸਿੱਖਿਆ ਨੀਤੀ 2020 ਸਿੱਖਿਆ ਪ੍ਰਬੰਧ ਦੇ ਸਾਰੇ ਪਹਿਲੂਆਂ, ਨਿਯਮਾਂ ਅਤੇ ਪ੍ਰਸ਼ਾਸਨ ਸਹਿਤ ਸਮੀਖਿਆ ਤੇ ਸੁਧਾਰ ਕਰਕੇ 'ਸਥਿਰ ਵਿਕਾਸ ਟੀਚੇ' ਦੇ ਨਾਲ-ਨਾਲ ਭਾਰਤ ਦੀਆਂ ਪਰੰਪਰਾਵਾਂ ਤੇ ਮੁੱਲ ਪ੍ਰਬੰਧ ਨੂੰ ਉਸਾਰਦੇ ਹੋਏ ਇੱਕੀਵੀਂ ਸਦੀ ਦੀ ਸਿੱਖਿਆ ਦੇ ਇੱਛਤ ਟੀਚਿਆਂ ਦੇ ਇਕਸਾਰ ਨਵਾਂ ਪ੍ਰਬੰਧ ਉਸਾਰਨਾ ਪ੍ਰਸਤਾਵਿਤ ਕਰਦੀ ਹੈ।ਅਧਿਆਪਕ ਸਿੱਖਿਆ ਪ੍ਰਬੰਧ ਵਿੱਚ ਆ ਰਹੇ ਸੁਧਾਰਾਂ ਦੇ ਕੇਂਦਰ ਬਿੰਦੂ ਉੱਤੇ ਹੋਣਾ ਚਾਹੀਦਾ ਹੈ। ਨਵੀਂ ਸਿੱਖਿਆ ਨੀਤੀ ਵਿਚ ਅਧਿਆਪਕ ਨੂੰ ਸਾਡੇ ਸਮਾਜ ਦੇ ਹਰੇਕ ਪੱਧਰ ਉੱਤੇ ਸਭ ਤੋਂ ਵੱਧ ਸਨਮਾਨਿਤ ਅਤੇ ਲਾਜ਼ਮੀ ਮੈਂਬਰ ਵਜੋਂ ਮੁੜ ਸਥਾਪਿਤ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਕਿਉਂਕਿ ਅਧਿਆਪਕ ਆਉਣ ਵਾਲੀਆਂ ਪੀੜ੍ਹੀਆਂ ਦੇ ਨਾਗਰਿਕਾਂ ਨੂੰ ਅਸਲ ਰੂਪ ਦਿੰਦਾ ਹੈ।

## ਬਹੁ-ਭਾਸ਼ਾਈਵਾਦ ਅਤੇ ਭਾਸ਼ਾ ਦੀ ਸ਼ਕਤੀ





ਇਹ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਛੋਟੇ ਬੱਚੇ ਗੈਰ-ਮਾਮੂਲੀ ਧਾਰਨਾਵਾਂ ਨੂੰ ਆਪਣੀ ਘਰੇਲੂ ਭਾਸ਼ਾ/ਮਾਤ-ਭਾਸ਼ਾ ਵਿੱਚ ਵਧੇਰੇ ਜਲਦੀ ਸਿੱਖਦੇ ਅਤੇ ਸਮਝਦੇ ਹਨ। ਘਰੇਲੂ ਭਾਸ਼ਾ ਆਮ ਤੌਰ 'ਤੇ ਉਹੀ ਹੁੰਦੀ ਹੈ ਜੋ ਮਾਤ-ਭਾਸ਼ਾ ਹੁੰਦੀ ਹੈ ਜਾਂ ਉਹ ਭਾਸ਼ਾ ਜੋ ਸਥਾਨਕ ਭਾਈਚਾਰੇ ਵਿੱਚ ਬੋਲੀ ਜਾਂਦੀ ਹੈ। ਹਾਲਾਂਕਿ, ਬਹੁ-ਭਾਸ਼ਾਈ ਪਰਿਵਾਰਾਂ ਦੇ ਦੌਰ ਵਿੱਚ, ਦੂਜੇ ਪਰਿਵਾਰਿਕ ਮੈਂਬਰਾਂ ਵੱਲੋਂ ਅਜਿਹੀ ਭਾਸ਼ਾ ਵੀ ਬੋਲੀ ਜਾ ਸਕਦੀ ਹੈ ਜੋ ਕਈ ਵਾਰ ਮਾਤ-ਭਾਸ਼ਾ ਜਾਂ ਸਥਾਨਕ ਭਾਸ਼ਾ ਤੋਂ ਵੱਖਰੀ ਹੋ ਸਕਦੀ ਹੈ। ਜਿੱਥੋਂ ਤੱਕ ਸੰਭਵ ਹੋ ਸਕੇ, ਘੱਟੋ-ਘੱਟ ਪੰਜਵੀਂ ਜਮਾਤ ਤੱਕ ਪਰੰਤੂ ਤਰਜੀਹੀ ਤੌਰ 'ਤੇ ਅੱਠਵੀਂ ਜਮਾਤ ਤੱਕ ਜਾਂ ਉਸ ਤੋਂ ਵੀ ਅੱਗੇ, ਘਰੇਲੂ ਭਾਸ਼ਾ/ਮਾਤ-ਭਾਸ਼ਾ/ਸਥਾਨਕ ਭਾਸ਼ਾ/ਖੇਤਰੀ ਭਾਸ਼ਾ ਸਿੱਖਿਆ ਦਾ ਮਾਧਿਅਮ ਹੋਵੇਗੀ। ਇਸ ਲਈ ਜਿੱਥੋਂ ਤੱਕ ਸੰਭਵ ਹੋ ਸਕੇ, ਘਰੇਲੂ/ਸਥਾਨਕ ਭਾਸ਼ਾ ਨੂੰ ਭਾਸ਼ਾ ਦੇ ਤੌਰ 'ਤੇ ਸਿਖਾਇਆ ਜਾਣਾ ਜਾਰੀ ਰਹੇਗਾ।ਇਸਦੀ ਪਾਲਣਾ ਸਰਕਾਰੀ ਅਤੇ ਨਿੱਜੀ ਦੋਹਾਂ ਤਰ੍ਹਾਂ ਦੇ ਸਕੂਲਾਂ ਵਿੱਚ ਕੀਤੀ ਜਾਵੇਗੀ। ਘਰੇਲੂ/ਮਾਤ-ਭਾਸ਼ਾ ਵਿੱਚ ਵਿਗਿਆਨ ਸਹਿਤ ਉੱਚ-ਪੱਧਰੀ ਪਾਠ-ਪੁਸਤਕਾਂ ਮੁਹੱਈਆ ਕਰਵਾਈਆਂ ਜਾਣਗੀਆਂ। ਬੱਚੇ ਦੁਆਰਾ ਬੋਲੀ ਜਾਂਦੀ ਭਾਸ਼ਾ ਅਤੇ ਸਿਖਾਉਣ ਦੇ ਮਾਧਿਅਮ ਵਿੱਚ ਫਾਸਲੇ ਨੂੰ ਦੂਰ ਕਰਨ ਲਈ ਜਲਦੀ ਹੀ ਯਤਨ ਕੀਤੇ ਜਾਣਗੇ। ਜੇਕਰ ਘਰੇਲੂ ਭਾਸ਼ਾ/ਮਾਤ-ਭਾਸ਼ਾ ਵਿੱਚ ਪਾਠ-ਪੁਸਤਕ ਸਮੱਗਰੀ ਉਪਲਬਧ ਨਹੀਂ ਹੈ ਤਾਂ ਜਿੱਥੋਂ ਤੱਕ ਹੋ ਸਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਸੰਚਾਰ ਦੀ ਭਾਸ਼ਾ ਘਰੇਲੂ ਭਾਸ਼ਾ/ਮਾਤ-ਭਾਸ਼ਾ ਹੀ ਰਹੇਗੀ। ਅਧਿਆਪਕਾਂ ਨੂੰ ਉਹਨਾਂ ਵਿਦਿਆਰਥੀਆਂ, ਜਿਹਨਾਂ ਦੀ ਘਰੇਲੂ ਭਾਸ਼ਾ ਸਿੱਖਿਆ ਦੇ ਮਾਧਿਅਮ ਨਾਲੋਂ ਵੱਖਰੀ ਹੈ, ਉਹਨਾਂ ਪ੍ਰਤੀ ਦੋਭਾਸ਼ੀ ਪਹੁੰਚ ਅਪਨਾਉਣ ਲਈ ਉਤਸਾਹਿਤ ਕੀਤਾ ਜਾਵੇਗਾ। ਸਾਰੇ ਵਿਦਿਆਰਥੀਆਂ ਨੂੰ ਸਾਰੀਆਂ ਭਾਸ਼ਾਵਾਂ ਮਿਆਰੀ ਕਿਸਮ ਦੀਆਂ ਸਿਖਾਈਆਂ ਜਾਣਗੀਆਂ, ਇੱਕ ਭਾਸ਼ਾ ਨੂੰ ਵਧੀਆ ਢੰਗ ਨਾਲ ਸਿੱਖਣ ਅਤੇ ਸਿਖਾਉਣ ਲਈ ਉਸਦਾ ਸਿੱਖਣ ਦਾ ਮਾਧਿਅਮ ਹੋਣਾ ਜ਼ਰੂਰੀ ਨਹੀਂ ਹੈ।

ਖੋਜ ਤੋਂ ਸਾਫ ਪਤਾ ਲੱਗਦਾ ਹੈ ਕਿ ਬੱਚਾ ਦੋ ਤੋਂ ਅੱਠ ਸਾਲ ਦੀ ਉਮਰ ਵਿੱਚ ਭਾਸ਼ਾ ਵਧੇਰੇ ਜਲਦੀ ਸਿੱਖਦਾ ਹੈ ਅਤੇ ਬਹੁ-ਭਾਸ਼ਾਵਾਦ ਦੇ ਵਿਦਿਆਰਥੀਆਂ ਨੂੰ ਵਧੇਰੇ ਬੋਧਾਤਮਕ ਲਾਭ ਹਨ। ਕੇਂਦਰ ਅਤੇ ਰਾਜ ਦੋਹਾਂ ਵੱਲੋਂ ਪੂਰੇ ਦੇਸ਼ ਵਿੱਚ ਭਾਰੀ ਗਿਣਤੀ ਵਿੱਚ ਖੇਤਰੀ ਭਾਸ਼ਾਵਾਂ ਦੇ ਅਧਿਆਪਕ ਵੱਡੇ ਪੱਧਰ 'ਤੇ ਲਗਾਏ ਜਾਣ ਦੇ ਯਤਨ ਕੀਤੇ ਜਾਣਗੇ, ਵਿਸ਼ੇਸ਼ ਰੂਪ 'ਚ ਭਾਰਤ ਆਪਣੇ-ਆਪਣੇ ਰਾਜ ਵਿੱਚ ਤਿੰਨ ਭਾਸ਼ਾਈ ਸੂਤਰ ਲਾਗੂ ਕਰਨ ਅਤੇ ਪੂਰੇ ਦੇਸ਼ ਵਿੱਚ ਭਾਰਤੀ ਭਾਸ਼ਾਵਾਂ ਦੇ ਅਧਿਐਨ ਨੂੰ ਉਤਸਾਹਿਤ ਕਰਨ ਲਈ ਇੱਕ ਦੂਜੇ ਤੋਂ ਵੱਡੀ ਮਾਤਰਾ ਵਿੱਚ ਅਧਿਆਪਕ ਨਿਯੁਕਤ ਕਰਨ ਲਈ ਦੁਤਰਫ਼ੇ ਸਮਝੌਤੇ ਕਰ ਸਕਦੇ ਹਨ। ਵੱਖ-ਵੱਖ ਭਾਸ਼ਾਵਾਂ ਨੂੰ ਸਿੱਖਣ-ਸਿਖਾਉਣ ਅਤੇ ਭਾਸ਼ਾ ਸਿਖਲਾਈ ਨੂੰ ਪ੍ਰਸਿੱਧ ਕਰਨ ਲਈ ਤਕਨੀਕ ਦਾ ਭਰਪੂਰ ਇਸਤੇਮਾਲ ਕੀਤਾ ਜਾਵੇਗਾ।





ਤਿੰਨ ਭਾਸ਼ਾਈ ਸੂਤਰ ਨੂੰ ਸੰਵਿਧਾਨਿਕ ਵਿਵਸਥਾ, ਲੋਕਾਂ ਦੀਆਂ ਇੱਛਾਵਾਂ, ਖੇਤਰਾਂ, ਸਿੰਘ ਅਤੇ ਬਹੁ-ਭਾਸ਼ਾਵਾਦ ਦੇ ਨਾਲ ਹੀ ਰਾਸ਼ਟਰੀ ਏਕਤਾ ਨੂੰ ਵਿਕਸਿਤ ਕਰਨ ਦੀ ਜਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਲਗਾਤਾਰ ਲਾਗੂ ਕੀਤਾ ਜਾਣਾ ਜਾਰੀ ਰੱਖਿਆ ਜਾਵੇਗਾ ਹਾਲਾਂਕਿ ਤਿੰਨ ਭਾਸ਼ਾਈ ਸੂਤਰ ਵਿੱਚ ਵਧੇਰੇ ਲਚੀਲਾਪਨ ਹੋਏਗਾ ਅਤੇ ਕਿਸੇ ਵੀ ਰਾਜ ਉੱਤੇ ਕੋਈ ਵੀ ਭਾਸ਼ਾ ਥੋਪੀ ਨਹੀਂ ਜਾਏਗੀ। ਬੱਚਿਆਂ ਦੁਆਰਾ ਸਿੱਖੀਆਂ ਜਾਣ ਵਾਲੀਆਂ ਤਿੰਨ ਭਾਸ਼ਾਵਾਂ ਦੀ ਚੋਣ ਰਾਜ, ਖੇਤਰ ਅਤੇ ਬਿਨਾਂ ਸ਼ੱਕ ਬੱਚਿਆਂ ਦੀ ਖੁਦ ਦੀ ਚੋਣ ਹੋਵੇਗੀ, ਤਿੰਨ ਵਿੱਚੋਂ ਘੱਟੋਂ-ਘੱਟ ਦੋ ਭਾਸ਼ਾਵਾਂ ਭਾਰਤੀ ਮੂਲ ਦੀਆਂ ਹੋਣ। ਵਿਸ਼ੇਸ਼ ਤੌਰ ’ਤੇ ਜਿਹੜੇ ਵਿਦਿਆਰਥੀ ਪੜ੍ਹੀਆਂ ਜਾ ਰਹੀਆਂ ਤਿੰਨ ਭਾਸ਼ਾਵਾਂ ਵਿੱਚੋਂ ਇੱਕ ਜਾਂ ਵਧੇਰੇ ਭਾਸ਼ਾਵਾਂ ਬਦਲਣਾ ਚਾਹੁੰਦੇ ਹਨ, ਅਜਿਹਾ ਉਹ ਛੇਵੀਂ ਜਾਂ ਸੱਤਵੀਂ ਜਮਾਤ ਵਿੱਚ ਕਰ ਸਕਦੇ ਹਨ, ਜਦੋਂ ਤੱਕ ਉਹ ਸੈਕੰਡਰੀ ਸਕੂਲ ਦੇ ਅੰਤ ਤੱਕ ਤਿੰਨਾਂ ਭਾਸ਼ਾਵਾਂ ਵਿੱਚ ਬੁਨਿਆਦੀ ਕੁਸ਼ਲਤਾ ਦਾ ਪ੍ਰਦਰਸ਼ਨ ਕਰਨ ਦੇ ਸਮਰੱਥ ਹਨ।



ਵਿਗਿਆਨ ਅਤੇ ਗਣਿਤ ਦੀਆਂ ਉੱਚ ਮਿਆਰੀ ਦੋਭਾਸ਼ਾਈ ਪਾਠ-ਪੁਸਤਕਾਂ ਅਤੇ ਸਿੱਖਣ-ਸਿਖਾਉਣ ਦੀ ਸਮੱਗਰੀ ਤਿਆਰ ਕਰਨ ਦੇ ਯਤਨ ਕੀਤੇ ਜਾਣਗੇ, ਤਾਂ ਕਿ ਵਿਦਿਆਰਥੀ ਦੋਹਾਂ ਵਿਸ਼ਿਆਂ ਨੂੰ ਘਰੇਲੂ ਭਾਸ਼ਾ/ਮਾਤ-ਭਾਸ਼ਾ ਦੋਹਾਂ ਅਤੇ ਅੰਗਰੇਜ਼ੀ ਵਿੱਚ ਸੋਚਣ ਅਤੇ ਬੋਲਣ ਦੇ ਸਮਰੱਥ ਹੋ ਜਾਣ।ਭਾਰਤੀ ਭਾਸ਼ਾਵਾਂ ਸੰਸਾਰ ਦੀਆਂ ਵੱਧ ਅਮੀਰ, ਵਿਗਿਆਨਕ, ਸੁੰਦਰ ਅਤੇ ਪ੍ਰਗਟਾਤਮਕ ਭਾਸ਼ਾਵਾਂ ਵਿੱਚੋਂ ਹਨ ਜਿਸਦਾ ਜ਼ਿਆਦਾ ਹਿੱਸਾ ਪ੍ਰਾਚੀਨ ਅਤੇ ਨਾਲ ਹੀ ਆਧੁਨਿਕ ਸਾਹਿਤ, ਫ਼ਿਲਮ ਅਤੇ ਸੰਗੀਤ ਇਹਨਾਂ ਭਾਸ਼ਾਵਾਂ ਵਿੱਚ ਲਿਖਿਆ ਹੈ, ਜੋ ਭਾਰਤ ਦੀ ਰਾਸ਼ਟਰੀ ਪਛਾਣ ਅਤੇ ਸਰਮਾਇਆ ਹੈ। ਸੰਸਕ੍ਰਿਤਿਕ ਅਮੀਰੀ ਦੇ ਨਾਲ ਹੀ ਰਾਸ਼ਟਰੀ ਏਕਤਾ ਦੇ ਮਕਸਦ ਲਈ ਸਾਰੇ ਨੌਜਵਾਨ ਭਾਰਤੀਆਂ ਨੂੰ ਆਪਣੇ ਦੇਸ਼ ਦੀਆਂ ਅਮੀਰ ਅਤੇ ਵਿਸਤ੍ਰਿਤ ਭਾਸ਼ਾਵਾਂ ਦਾ ਖਜ਼ਾਨਾ ਜੋ ਉਹ ਅਤੇ ਉਹਨਾਂ ਦਾ ਸਾਹਿਤ ਸਮੋਈ ਬੈਠਾ ਹੈ, ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਲਈ, ਦੇਸ਼ ਦਾ ਹਰੇਕ ਵਿਦਿਆਰਥੀ 'ਇੱਕ ਭਾਰਤ ਸ਼੍ਰੇਸ਼ਠ ਭਾਰਤ' ਪਹਿਲਕਦਮੀ ਦੇ ਅੰਤਰਗਤ ਜਮਾਤ ਛੇਵੀਂ ਤੋਂ ਅੱਠਵੀਂ ਵਿੱਚ ਕਿਸੇ ਵੀ ਸਮੇਂ 'ਭਾਰਤ ਦੀਆਂ ਭਾਸ਼ਾਵਾਂ' ਬਾਰੇ ਦਿਲਚਸਪ ਪ੍ਰੋਜੈਕਟ/ਗਤੀਵਿਧੀ ਵਿੱਚ ਹਿੱਸਾ ਲਵੇਗਾ। ਇਸ ਪ੍ਰੋਜੈਕਟ/ਗਤੀਵਿਧੀ ਵਿੱਚ ਵਿਦਿਆਰਥੀ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਦੀ ਵਰਨਣਯੋਗ ਏਕਤਾ ਬਾਰੇ, ਸਮਾਨ ਧੁਨੀਆਂ, ਲਿਪੀ ਅਤੇ ਅੱਖਰਾਂ ਦੀ ਵਿਗਿਆਨਿਕ ਤਰਤੀਬ, ਉਹਨਾਂ ਦੀ ਸਮਾਨ ਵਿਆਕਰਨਕ ਬਣਤਰ, ਉਹਨਾਂ ਦਾ ਸੰਸਕ੍ਰਿਤ ਅਤੇ ਹੋਰ ਸਨਾਤਨ ਭਾਸ਼ਾਵਾਂ ਤੋਂ ਮੂਲ, ਸ਼ਬਦਾਵਲੀ ਦਾ ਸਰੋਤ ਅਤੇ ਨਾਲ ਹੀ ਉਹਨਾਂ ਦੇ ਅਮੀਰ ਅੰਤਰ-ਪ੍ਰਭਾਵਾਂ ਅਤੇ ਭਿੰਨਤਾਵਾਂ ਨੂੰ ਸਿੱਖਣਗੇ। ਉਹ ਇਹ ਵੀ ਸਿੱਖਣਗੇ ਕਿ ਕਿਹੜਾ ਭੂਗੋਲਿਕ ਖੇਤਰ ਕਿਹੜੀ ਭਾਸ਼ਾ ਬੋਲਦਾ ਹੈ, ਕਬੀਲਾਈ ਭਾਸ਼ਾਵਾਂ ਦੀ ਪ੍ਰਕਿਰਤੀ ਤੇ ਬਣਤਰ ਦੀ ਸਮਝ ਪ੍ਰਾਪਤ ਕਰਨਗੇ ਅਤੇ ਭਾਰਤ ਦੀ ਹਰੇਕ ਪ੍ਰਮੁੱਖ ਭਾਸ਼ਾ ਦੇ ਕੁਝ ਆਮ ਬੋਲੇ ਜਾਣ ਵਾਲੇ ਵਾਕੰਸ਼ਾਂ ਤੇ ਵਾਕਾਂ ਨੂੰ ਬੋਲਣਾ ਸਿੱਖਣਗੇ ਅਤੇ ਉਸ ਭਾਸ਼ਾ ਦੇ ਅਮੀਰ ਅਤੇ ਵੱਧ-ਫੁੱਲ ਰਹੇ ਸਾਹਿਤ ਨੂੰ ਥੋੜਾ ਬਹੁਤ ਸਮਝਣਗੇ (ਜ਼ਰੂਰਤ ਦੇ ਮੁਤਾਬਿਕ ਉਚਿਤ ਅਨੁਵਾਦ ਰਾਹੀਂ)। ਇਹ ਪ੍ਰੋਜੈਕਟ/ਗਤੀਵਿਧੀ ਮਨੋਰੰਜਕ ਹੋਵੇਗੀ ਅਤੇ ਕਿਸੇ ਤਰ੍ਹਾਂ ਦਾ ਮੁਲਾਂਕਣ ਇਸ ਵਿੱਚ ਸ਼ਾਮਿਲ ਨਹੀਂ ਹੋਵੇਗਾ।

ਬੱਚਿਆਂ ਦੇ ਗਿਆਨ ਤੋਂ ਵਧੀਕ ਅਤੇ ਇਹਨਾਂ ਅਮੀਰ ਭਾਸ਼ਾਵਾਂ ਤੇ ਉਹਨਾਂ ਦੇ ਕਲਾਤਮਕ ਖਜਾਨੇ ਦੀ ਸੰਭਾਲ; ਲਈ ਹਰੇਕ ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲ ਦੇ ਬੱਚਿਆਂ ਲਈ ਅਨੁਭਵਮਈ ਅਤੇ ਨਵੀਨਤਮ ਪਹੁੰਚ, ਤਕਨੀਕੀ ਏਕੀਕ੍ਰਿਤ ਸਹਿਤ, ਜਮਾਤ ਛੇਵੀਂ ਤੋਂ ਬਾਰ੍ਹਵੀਂ ਤੱਕ ਮਿਡਲ ਪੱਧਰ ਤੋਂ ਸ਼ੁਰੂ ਹੋ ਕੇ ਸੈਕੰਡਰੀ ਪੱਧਰ ਅਤੇ ਇਸ ਤੋਂ ਵੀ ਅੱਗੇ ਜਾਰੀ ਰੱਖਣ ਦੇ ਵਿਕਲਪ ਰਾਹੀਂ ਘੱਟੋਂ-ਘੱਟ ਦੋ ਸਾਲ ਭਾਰਤ ਦੀ ਇੱਕ ਸਨਾਤਨ ਭਾਸ਼ਾ ਅਤੇ ਸੰਬੰਧਤ ਸਾਹਿਤ ਨੂੰ ਸਿੱਖਣ ਦਾ ਵਿਕਲਪ ਹੋਵੇਗਾ।



ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ ਵਿੱਚ ਉੱਚ ਪੱਧਰੀ ਸਹੂਲਤ ਦੇ ਨਾਲ ਹੀ, ਵਿਦਿਆਰਥੀਆਂ ਨੂੰ ਉਹਨਾਂ ਦੀ ਰੁਚੀ ਤੇ ਇੱਛਾ ਅਨੁਸਾਰ ਸੰਸਾਰ ਦੇ ਸਭਿਆਚਾਰ ਨੂੰ ਸਿੱਖਣ ਲਈ ਅਤੇ ਉਹਨਾਂ ਦੀ ਗਲੋਬਲ ਸਮਝ ਅਤੇ ਗਤੀਸ਼ੀਲਤਾ ਨੂੰ ਅਮੀਰ ਕਰਨ ਲਈ ਸੈਕੰਡਰੀ ਪੱਧਰ ਉੱਤੇ ਵਿਦੇਸ਼ੀ ਭਾਸ਼ਾਵਾਂ ਜਿਵੇਂ ਕਿ ਕੋਰੀਅਨ, ਜਪਾਨੀ, ਥਾਈ, ਫਰੈਂਚ, ਜਰਮਨ, ਸਪੈਨਿਸ਼, ਪੁਰਤਗਾਲੀ ਅਤੇ ਰਸ਼ੀਅਨ ਦੀ ਪੇਸ਼ਕਸ਼ ਕੀਤੀ ਜਾਵੇਗੀ।

ਸਾਰੀਆਂ ਭਾਸ਼ਾਵਾਂ ਦਾ ਅਧਿਆਪਨ ਨਵੀਨਤਮ ਅਤੇ ਅਨੁਭਵੀ ਤਰੀਕਿਆਂ, ਖੇਡ ਅਧਾਰਤ ਸਿਖਲਾਈ ਅਤੇ ਐਪਸ ਰਾਹੀਂ, ਭਾਸ਼ਾਵਾਂ ਦੇ ਸੱਭਿਆਚਾਰਕ ਪੱਖ ਨੂੰ ਬੁਣਦੇ ਹੋਏ- ਜਿਵੇਂ ਕਿ ਫ਼ਿਲਮਾਂ, ਰੰਗਮੰਚ, ਕਹਾਣੀ ਸੁਣਾਉਣ, ਕਵਿਤਾ ਅਤੇ ਸੰਗੀਤ, ਵੱਖ-ਵੱਖ ਸੰਬੰਧਤ ਵਿਸ਼ਿਆਂ ਅਤੇ ਅਸਲ ਜ਼ਿੰਦਗੀ ਅਨੁਭਵਾਂ ਰਾਹੀਂ ਵਧਾਇਆ ਜਾਵੇਗਾ। ਇਸ ਤਰ੍ਹਾਂ ਭਾਸ਼ਾਵਾਂ ਦਾ ਅਧਿਆਪਨ ਅਨੁਭਵਮਈ ਸਿਖਲਾਈ ਅਧਿਆਪਨ 'ਤੇ ਅਧਾਰਤ ਹੋਵੇਗਾ।

ਭਾਰਤੀ ਸੰਕੇਤਕ ਭਾਸ਼ਾਵਾਂ (Indian sign languages) ਦੇਸ਼ ਭਰ ਵਿੱਚ ਪ੍ਰਮਾਣਿਕ/ਮਿਆਰਬੱਧ ਕੀਤੀਆਂ ਜਾਣਗੀਆਂ ਅਤੇ ਸੁਣਨ ਵਿੱਚ ਕਮਜ਼ੋਰ ਵਿਦਿਆਰਥੀਆਂ ਲਈ ਕੌਮੀ ਅਤੇ ਰਾਜ ਪਾਠਕ੍ਰਮ ਸਮੱਗਰੀ ਵਿਕਸਿਤ ਕੀਤੀ ਜਾਵੇਗੀ। ਜਿੱਥੇ ਸੰਭਵ ਅਤੇ ਸੰਬੰਧਤ ਹੋਵੇ, ਖੇਤਰੀ ਸੰਕੇਤਕ ਭਾਸ਼ਾਵਾਂ ਸਤਿਕਾਰਤ ਕੀਤੀਆਂ ਅਤੇ ਸਿਖਾਈਆਂ ਵੀ ਜਾਣਗੀਆਂ।

## ਭਾਰਤੀ ਭਾਸ਼ਾਵਾਂ ਦਾ ਪ੍ਰਚਾਰ ਤੇ ਪਸਾਰ

ਨਿਰਸੰਦੇਹ ਭਾਸ਼ਾਵਾਂ ਕਲਾ ਅਤੇ ਸਭਿਆਚਾਰ ਨਾਲ ਅਟੁੱਟ ਤੌਰ 'ਤੇ ਜੁੜੀਆਂ ਹੋਈਆਂ ਹਨ। ਵੱਖ-ਵੱਖ ਭਾਸ਼ਾਵਾਂ ਸੰਸਾਰ ਨੂੰ ਵੱਖ-ਵੱਖ ਤਰ੍ਹਾਂ ਦੇਖਦੀਆਂ ਹਨ ਅਤੇ ਇਸ ਲਈ ਭਾਸ਼ਾ ਦੀ ਬਣਤਰ, ਬੋਲਣ ਵਾਲੇ ਮੂਲ ਨਿਵਾਸੀ ਦੇ ਅਨੁਭਵ ਦੀ ਧਾਰਨਾ ਨੂੰ ਨਿਰਧਾਰਤ ਕਰਦੀ ਹੈ। ਵਿਸ਼ੇਸ਼ ਰੂਪ ਵਿੱਚ ਭਾਸ਼ਾਵਾਂ ਸੰਬੰਧਤ ਸਭਿਆਚਾਰ ਦੇ ਲੋਕਾਂ ਦੇ ਦੂਜਿਆਂ ਨਾਲ ਬੋਲਣ ਦੇ ਤਰੀਕੇ, ਜਿਸ ਵਿੱਚ ਪਰਿਵਾਰਿਕ ਮੈਂਬਰਾਂ, ਸੱਤਾਧਾਰੀਆਂ, ਸਾਥੀਆਂ, ਅਜਨਬੀਆਂ ਨਾਲ ਗੱਲਬਾਤ ਦੇ ਲਹਿਜੇ ਨੂੰ ਪ੍ਰਭਾਵਿਤ ਕਰਦੀਆਂ ਹਨ। ਲਹਿਜਾ, ਅਨੁਭਵ ਦੀ ਧਾਰਨਾ ਅਤੇ ਆਪਣਾਪਣ, ਇੱਕ ਆਮ ਭਾਸ਼ਾ ਦੇ ਬੁਲਾਰਿਆਂ ਦੇ ਵਿਚਕਾਰ ਅੰਦਰੂਨੀ ਗੱਲਬਾਤ ਇੱਕ ਸਭਿਆਚਾਰ ਦੀ ਝਲਕ ਅਤੇ ਰਿਕਾਰਡ ਹੈ। ਇਸ ਤਰ੍ਹਾਂ ਸਭਿਆਚਾਰ ਸਾਡੀਆਂ ਭਾਸ਼ਾਵਾਂ ਨਾਲ ਲਿਪਟਿਆ ਹੋਇਆ ਹੈ। ਕਲਾ ਦੀ, ਸਾਹਿਤ ਦੇ ਰੂਪ ਵਿੱਚ, ਨਾਟਕਾਂ, ਸੰਗੀਤ, ਫ਼ਿਲਮਾਂ ਆਦਿ ਵਿੱਚ ਭਾਸ਼ਾ ਦੇ ਬਿਨਾਂ ਪੂਰੀ ਤਰਾਂ ਕਦਰ ਨਹੀਂ ਕੀਤੀ ਜਾ ਸਕਦੀ। ਸਭਿਆਚਾਰ ਨੂੰ ਸੰਭਾਲਣ ਤੇ ਪ੍ਰਚਾਰ ਕਰਨ ਲਈ, ਸਾਨੂੰ ਸਭਿਆਚਾਰ ਦੀਆਂ ਭਾਸ਼ਾਵਾਂ ਦੀ ਸੰਭਾਲ ਅਤੇ ਪ੍ਰਚਾਰ ਕਰਨਾ ਚਾਹੀਦਾ ਹੈ।

ਬਦਕਿਸਮਤੀ ਨਾਲ ਭਾਰਤੀ ਭਾਸ਼ਾਵਾਂ ਨੂੰ ਉਹਨਾਂ ਦੀ ਬਣਦੀ ਤਵੱਜੋ ਅਤੇ ਦੇਖਭਾਲ ਨਹੀਂ ਮਿਲੀ, ਦੇਸ਼ ਜਿਹੜਾ ਇਕੱਲੇ ਹੀ ਪਿਛਲੇ 50 ਵਰ੍ਹਿਆਂ ਵਿੱਚ 220 ਭਾਸ਼ਾਵਾਂ ਤੋਂ ਜ਼ਿਆਦਾ ਗੁਆ ਚੁੱਕਿਆ ਹੈ। UNESCO ਨੇ 197 ਭਾਰਤੀ ਭਾਸ਼ਾਵਾਂ ਨੂੰ ਸੰਕਟਮਈ ਘੋਸ਼ਿਤ ਕੀਤਾ ਹੈ। ਬਹੁਤ ਸਾਰੀਆਂ ਅਣਲਿਖਤ ਭਾਸ਼ਾਵਾਂ ਵਿਸ਼ੇਸ਼ ਕਰਕੇ ਅਲੋਪ ਹੋਣ ਦੇ ਖਤਰੇ ਵਿੱਚ ਹਨ। ਜਦੋਂ ਕਿਸੇ ਕਬੀਲੇ ਜਾਂ ਭਾਈਚਾਰੇ ਦੇ ਉਸ ਭਾਸ਼ਾ ਨੂੰ ਬੋਲਣ ਵਾਲੇ ਬਜ਼ੁਰਗ ਮੈਂਬਰ ਗੁਜ਼ਰ ਜਾਂਦੇ ਹਨ ਤਾਂ ਅਜਿਹੀਆਂ ਭਾਸ਼ਾਵਾਂ ਅਕਸਰ ਉਹਨਾਂ ਨਾਲ ਹੀ ਖਤਮ ਹੋ ਜਾਂਦੀਆਂ ਹਨ; ਅਕਸਰ ਹੀ, ਇਹਨਾਂ ਅਮੀਰ ਭਾਸ਼ਾਵਾਂ/ਸਭਿਆਚਾਰਕ ਸਮੀਕਰਨਾਂ ਦੇ ਸੰਭਾਲ ਜਾਂ ਰਿਕਾਰਡ ਲਈ ਸਾਂਝੇ ਯਤਨ ਨਹੀਂ ਕੀਤੇ ਗਏ।

ਹਾਲਾਂਕਿ ਫਿਰ ਵੀ ਜੋ ਭਾਰਤੀ ਭਾਸ਼ਾਵਾਂ ਦਫ਼ਤਰੀ ਪੱਧਰ 'ਤੇ ਅਜਿਹੀ ਸੰਕਟਮਈ ਸੂਚੀ ਵਿੱਚ ਨਹੀਂ ਹਨ, ਜਿਵੇਂ ਕਿ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ 22 ਭਾਸ਼ਾਵਾਂ ਕਈ ਪੱਧਰਾਂ 'ਤੇ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ।ਭਾਰਤੀ ਭਾਸ਼ਾਵਾਂ ਦੇ ਅਧਿਐਨ ਅਤੇ ਅਧਿਆਪਨ ਨੂੰ ਸਕੂਲ ਅਤੇ ਉੱਚ ਸਿੱਖਿਆ ਨਾਲ ਹਰੇਕ ਪੱਧਰ ਉੱਤੇ ਏਕੀਕ੍ਰਿਤ (Integrated) ਕਰਨ ਦੀ ਲੋੜ ਹੈ। ਭਾਸ਼ਾਵਾਂ ਨੂੰ ਪ੍ਰਸੰਗਿਕ ਅਤੇ ਜੀਵੰਤ ਰਹਿਣ ਲਈ, ਇਹਨਾਂ ਭਾਸ਼ਾਵਾਂ ਵਿੱਚ ਉੱਚ ਪੱਧਰੀ ਸਿੱਖਣ ਅਤੇ ਪ੍ਰਿੰਟ ਸਮੱਗਰੀ ਦੇ ਨਾਲ ਹੀ ਪਾਠ-

ਪੁਸਤਕਾਂ, ਕਾਰਜ-ਪੁਸਤਕਾਂ, ਵੀਡੀਓ, ਨਾਟਕ, ਕਵਿਤਾਵਾਂ, ਨਾਵਲ, ਪਤ੍ਰਿਕਾਵਾਂ ਆਦਿ ਦਾ ਨਿਯਮਿਤ ਪ੍ਰਵਾਹ ਹੋਣਾ ਚਾਹੀਦਾ ਹੈ। ਭਾਸ਼ਾਵਾਂ ਦੀ ਆਪਣੀ ਸ਼ਬਦਾਵਲੀ ਅਤੇ ਸ਼ਬਦਕੋਸ਼ਾਂ ਦੀ ਲਗਾਤਾਰ ਅਧਿਕਾਰਤ ਅਪਡੇਟ ਅਤੇ ਵਿਆਪਕ ਪ੍ਰਸਾਰ ਹੋਣਾ ਚਾਹੀਦਾ ਹੈ ਤਾਂ ਕਿ ਇਹਨਾਂ ਭਾਸ਼ਾਵਾਂ ਵਿੱਚ ਸਭ ਮੌਜੂਦਾ ਮੁੱਦਿਆਂ ਅਤੇ ਸੰਕਲਪਾਂ ਉੱਤੇ ਪ੍ਰਭਾਵਸ਼ਾਲੀ ਚਰਚਾ ਕੀਤੀ ਜਾ ਸਕੇ। ਸੰਸਾਰ ਪੱਧਰੀ ਭਾਸ਼ਾਵਾਂ ਵਿੱਚੋਂ ਅਜਿਹੀ ਸਿੱਖਣ ਸਮੱਗਰੀ, ਪ੍ਰਿੰਟ ਸਮੱਗਰੀ ਅਤੇ ਮਹੱਤਵਪੂਰਨ ਸਮੱਗਰੀ ਦੇ ਅਨੁਵਾਦ ਦੀ ਪਹੁੰਚ ਕਰਨੀ ਅਤੇ ਲਗਾਤਾਰ ਸ਼ਬਦਾਵਲੀਆਂ ਦੀ ਅਪਡੇਟ ਕਰਨੀ, ਸੰਸਾਰ ਭਰ ਦੇ ਦੇਸ਼ਾਂ ਵੱਲੋਂ ਅੰਗਰੇਜ਼ੀ, ਫਰੈਂਚ, ਜਰਮਨ, ਹਿਬਰੂ, ਕੋਰੀਅਨ ਅਤੇ ਜਪਾਨੀ ਵਰਗੀਆਂ ਭਾਸ਼ਾਵਾਂ ਵਿੱਚ ਹੁੰਦਾ ਆਇਆ ਹੈ। ਹਾਲਾਂਕਿ,ਭਾਰਤ ਆਪਣੀਆਂ ਭਾਸ਼ਾਵਾਂ ਨੂੰ ਅਖੰਡਤਾ ਸਹਿਤ ਅਨੁਕੂਲਿਤ ਜੀਵੰਤ ਅਤੇ ਪ੍ਰਵਾਹਿਤ ਰੱਖਣ ਵਿੱਚ ਸਹਾਇਤਾ ਕਰਨ ਲਈ ਅਜਿਹੇ ਸਿੱਖਣ ਤੇ ਪ੍ਰਿੰਟ ਸਮੱਗਰੀ ਅਤੇ ਸ਼ਬਦਕੋਸ਼ਾਂ ਦੇ ਉਤਪਾਦਨ ਵਿੱਚ ਕਾਫੀ ਮੱਠਾ ਰਿਹਾ ਹੈ।

ਕਈ ਕਦਮ ਪੁੱਟਣ ਦੇ ਬਾਵਜੂਦ ਭਾਰਤ ਵਿੱਚ ਮਾਹਰ ਭਾਸ਼ਾ ਅਧਿਆਪਕਾਂ ਦੀ ਸਖ਼ਤ ਘਾਟ ਰਹੀ ਹੈ। ਭਾਸ਼ਾ ਅਧਿਆਪਨ ਨੂੰ ਵਧੇਰੇ ਅਨੁਭਵਮਈ ਬਣਾਉਣ ਲਈ ਨਾ ਸਿਰਫ਼ ਸਾਹਿਤ, ਸ਼ਬਦਾਵਲੀ ਅਤੇ ਭਾਸ਼ਾ ਦੀ ਵਿਆਕਰਨ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਸਗੋਂ ਭਾਸ਼ਾ ਵਿੱਚ ਸੰਚਾਰ ਤੇ ਗੱਲਬਾਤ ਦੀ ਸਮਰੱਥਾ ਉੱਤੇ ਵੀ ਕੇਂਦਰਿਤ ਕਰਨ ਲਈ ਸੁਧਾਰ ਕਰਨਾ ਚਾਹੀਦਾ ਹੈ। ਭਾਸ਼ਾਵਾਂ ਨੂੰ ਵਧੇਰੇ ਵਿਆਪਕ ਤੌਰ 'ਤੇ ਗੱਲਬਾਤ ਅਤੇ ਅਧਿਐਨ-ਅਧਿਆਪਨ ਲਈ ਵਰਤਿਆ ਜਾਣਾ ਚਾਹੀਦਾ ਹੈ।

ਸਕੂਲੀ ਬੱਚਿਆਂ ਵਿੱਚ ਭਾਸ਼ਾਵਾਂ, ਕਲਾ ਤੇ ਸੰਸਕ੍ਰਿਤੀ ਨੂੰ ਪ੍ਰੋਤਸਾਹਿਤ ਕਰਨ ਦੇ ਕਈ ਉਪਰਾਲਿਆਂ ਦੀ ਅਧਿਆਇ-4 ਵਿੱਚ ਚਰਚਾ ਕੀਤੀ ਗਈ ਹੈ ਜਿਸ ਵਿੱਚ ਸੰਗੀਤ, ਕਲਾ ਅਤੇ ਸ਼ਿਲਪਕਾਰੀ ਨੂੰ ਸਕੂਲ ਦੇ ਸਾਰੇ ਪੱਧਰਾਂ ਉੱਤੇ ਸ਼ਾਮਿਲ ਕਰਨ 'ਤੇ ਵਧੇਰੇ ਜ਼ੋਰ ਹੈ। ਬਹੁ-ਭਾਸ਼ਾਵਾਦ ਨੂੰ ਪ੍ਰਫੁੱਲਤ ਕਰਨ ਲਈ ਤਿੰਨ ਭਾਸ਼ਾਈ ਸੂਤਰ ਨੂੰ ਜਲਦੀ ਲਾਗੂ ਕਰਨਾ; ਜਿੱਥੇ ਸੰਭਵ ਹੋ ਸਕੇ ਘਰੇਲੂ/ਸਥਾਨਕ ਭਾਸ਼ਾ ਵਿੱਚ ਪੜ੍ਹਾਉਣਾ; ਵਧੇਰੇ ਅਨੁਭਵਮਈ ਭਾਸ਼ਾ ਦੇ ਅਧਿਐਨ ਦਾ ਆਯੋਜਨ ਕਰਨਾ; ਸਥਾਨਕ ਅਸਧਾਰਨ ਕਲਾਕਾਰਾਂ, ਲੇਖਕਾਂ, ਸ਼ਿਲਪਕਾਰਾਂ ਅਤੇ ਹੋਰ ਮਾਹਿਰਾਂ ਨੂੰ ਉਸਤਾਦ ਸਿੱਖਿਅਕਾਂ ਵਜੋਂ ਸਥਾਨਕ ਮੁਹਾਰਤ ਦੇ ਵਿਭਿੰਨ ਵਿਸ਼ਿਆਂ ਵਿੱਚ ਭਰਤੀ ਕਰਨਾ; ਪ੍ਰਾਚੀਨ ਭਾਰਤੀ ਗਿਆਨ ਜਿਸ ਵਿੱਚ ਕਬੀਲਾਈ ਅਤੇ ਹੋਰ ਸਥਾਨਕ ਗਿਆਨ ਪਾਠਕ੍ਰਮ ਭਰ ਵਿੱਚ,ਹਿਊਮੈਨਿਟੀ, ਸਾਇੰਸ, ਕਲਾ, ਸ਼ਿਲਪਕਾਰੀ ਅਤੇ ਖੇਡਾਂ ਵਿੱਚ ਜਦੋਂ ਵੀ ਉਚਿਤ ਲੱਗੇ ਸਮਾਵੇਸ਼ ਕਰਨਾ; ਅਤੇ ਖਾਸ ਤੌਰ 'ਤੇ ਸੈਕੰਡਰੀ ਸਕੂਲਾਂ ਤੇ ਉੱਚ-ਸਿੱਖਿਆ ਵਿੱਚ, ਪਾਠਕ੍ਰਮ ਵਿੱਚ ਹੋਰ ਵਧੇਰੇ ਲਚਕਤਾ, ਤਾਂ ਕਿ ਵਿਦਿਆਰਥੀ ਆਪਣੇ ਲਈ ਕੋਰਸਾਂ ਵਿੱਚ ਆਪਣੇ ਸਿਰਜਣਾਤਮਕ, ਕਲਾਤਮਕ, ਸਭਿਆਚਾਰਕ ਅਤੇ ਅਕਾਦਮਿਕ ਮਾਰਗ ਨੂੰ ਵਿਕਸਿਤ ਕਰਨ ਲਈ ਆਦਰਸ਼ ਸੰਤੁਲਨ ਚੁਣ ਸਕਣ।

ਪਿਛਲੇਰੀਆਂ ਅਧਾਰਭੂਤ ਪਹਿਲਕਦਮੀਆਂ ਨੂੰ ਪਾਉਣ ਲਈ, ਉੱਚ-ਸਿੱਖਿਆ ਪੱਧਰ ਅਤੇ ਉਸ ਤੋਂ ਵੀ ਅੱਗੇ ਮੋਢੇ ਨਾਲ ਮੋਢਾ ਮਿਲਾ ਕੇ ਕਈ ਹੋਰ ਅਗਲੇਰੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਪਹਿਲਾਂ ਤਾਂ ਉਪਰੋਕਤ ਜ਼ਿਕਰ ਕੀਤੇ ਕਈ ਕੋਰਸਾਂ ਨੂੰ ਵਿਕਸਿਤ ਕਰਨ ਅਤੇ ਪੜ੍ਹਾਉਣ ਲਈ ਅਧਿਆਪਕਾਂ ਦੀ ਇੱਕ ਸ੍ਰੇਸ਼ਠ ਟੀਮ ਅਤੇ ਵਿਭਾਗ ਵਿਕਸਿਤ ਕਰਨਾ ਪਵੇਗਾ। ਭਾਰਤੀ ਭਾਸ਼ਾਵਾਂ ਵਿੱਚ ਮਜ਼ਬੂਤ ਵਿਭਾਗ ਅਤੇ ਪ੍ਰੋਗਰਾਮ, ਤੁਲਨਾਤਮਕ ਸਾਹਿਤ, ਰਚਨਾਤਮਕ ਲੇਖ, ਕਲਾ, ਸੰਗੀਤ, ਦਰਸ਼ਨ ਸ਼ਾਸਤਰ ਆਦਿ ਦੇਸ਼ ਭਰ ਵਿੱਚ ਜਾਰੀ ਅਤੇ ਵਿਕਸਿਤ ਕੀਤਾ ਜਾਵੇਗਾ ਅਤੇ ਇਹਨਾਂ ਵਿਸ਼ਿਆਂ ਵਿੱਚ 4 ਸਾਲਾ ਦੋਹਰੀ ਡਿਗਰੀ B.Ed ਸਮੇਤ ਡਿਗਰੀਆਂ ਵਿਕਸਿਤ ਕੀਤੀਆਂ ਜਾਣਗੀਆਂ। ਇਹ ਵਿਭਾਗ ਅਤੇ ਪ੍ਰੋਗਰਾਮ ਖਾਸ ਤੌਰ 'ਤੇ ਉੱਚ-ਕੋਟੀ ਦੇ ਭਾਸ਼ਾ ਅਧਿਆਪਕਾਂ ਦੇ ਇੱਕ ਵੱਡੇ ਸੰਗਠਨ ਤੇ ਨਾਲ ਹੀ ਕਲਾ, ਸੰਗੀਤ, ਦਰਸ਼ਨ ਸ਼ਾਸਤਰ ਅਤੇ ਲਿਖਤ ਨੂੰ ਵਿਕਸਿਤ ਕਰਨ ਵਿੱਚ ਸਹਾਇਤਾ ਕਰੇਗਾ ਜਿਸਦੀ ਦੇਸ਼ ਭਰ ਵਿੱਚ ਇਸ ਨੀਤੀ ਦੀ ਪਾਲਣਾ ਕਰਨ ਵਿੱਚ ਲੋੜ ਹੋਵੇਗੀ। ਨੈਸ਼ਨਲ ਰਿਸਰਚ ਫਾਊਂਡੇਸ਼ਨ (NRF) ਇਹਨਾਂ ਸਾਰੇ ਖੇਤਰਾਂ ਵਿੱਚ ਮਿਆਰੀ ਖੋਜ ਨੂੰ ਫੰਡ ਦੇਵੇਗਾ। ਸਥਾਨਕ ਸੰਗੀਤ, ਕਲਾ, ਭਾਸ਼ਾਵਾਂ ਅਤੇ ਦਸਤਕਾਰੀ ਨੂੰ ਪ੍ਰਫੁੱਲਤ ਕਰਨ ਲਈ ਸ਼ਾਨਦਾਰ ਸਥਾਨਕ ਕਲਾਕਾਰਾਂ ਅਤੇ ਸ਼ਿਲਪਕਾਰਾਂ ਨੂੰ ਗੈਸਟ ਫੈਕਲਟੀ ਦੇ ਤੌਰ 'ਤੇ ਭਰਤੀ ਕੀਤਾ ਜਾਵੇਗਾ ਅਤੇ ਇਹ ਯਕੀਨੀ ਕਰਨਾ ਕਿ ਵਿਦਿਆਰਥੀ ਜਿੱਥੇ ਪੜ੍ਹ ਰਹੇ ਹਨ ਉੱਥੋਂ ਦੇ ਸਭਿਆਚਾਰ ਅਤੇ ਸਥਾਨਕ ਗਿਆਨ ਤੋਂ ਉਹ ਜਾਣੂ ਹਨ। ਹਰੇਕ

ਉੱਚ-ਸਿੱਖਿਆ ਸੰਸਥਾ ਅਤੇ ਹਰੇਕ ਸਕੂਲ ਤੇ ਸਕੂਲ ਦਾ ਖੇਤਰ ਵਿਦਿਆਰਥੀਆਂ ਨੂੰ ਉਸ ਖੇਤਰ/ਦੇਸ਼ ਦੀ ਕਲਾ, ਸਿਰਜਣਾਤਮਕਤਾ ਅਤੇ ਅਮੀਰ ਭੰਡਾਰ ਦੇ ਰੂਬਰੂ ਕਰਨ ਲਈ ਕਲਾਕਾਰਾਂ ਨੂੰ ਸੰਸਥਾ ਦੇ ਅੰਦਰ ਨਿਵਾਸ ਵਿੱਚ ਰੱਖਣ ਦਾ ਉਦੇਸ਼ ਰੱਖੇਗਾ।

ਹੋਰ ਉੱਚ-ਸਿੱਖਿਆ ਸੰਸਥਾਵਾਂ ਅਤੇ ਉੱਚ-ਸਿੱਖਿਆ ਵਿੱਚ ਪਹੁੰਚ ਅਤੇ ਗ੍ਰੋਸ ਏਨਰੋਲਮੇਂਟ ਰੇਸ਼ੋ (GER) ਨੂੰ ਵਧਾਉਣ ਲਈ ਅਤੇ ਸਾਰੀਆਂ ਭਾਰਤੀ ਭਾਸ਼ਾਵਾਂ ਦੀ ਸਮਰੱਥਾ, ਪ੍ਰਯੋਗ, ਜੀਵੰਤਤਾ ਨੂੰ ਵੀ ਪ੍ਰਫੁੱਲਤ ਕਰਨ ਲਈ ਹੋਰ ਪ੍ਰੋਗਰਾਮ ਮਾਤ-ਭਾਸ਼ਾ/ਸਥਾਨਕ ਭਾਸ਼ਾ ਵਿੱਚ ਸਿੱਖਿਆ ਦੇ ਮਾਧਿਅਮ ਵਜੋਂ ਵਰਤਣ ਅਤੇ ਦੁਭਾਸ਼ਾਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨਗੇ। ਨਿੱਜੀ ਉੱਚ-ਸਿੱਖਿਆ ਸੰਸਥਾਵਾਂ ਨੂੰ ਵੀ ਭਾਰਤੀ ਭਾਸ਼ਾਵਾਂ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਵਰਤਣ ਅਤੇ ਦੁਭਾਸ਼ਾਈ ਪ੍ਰੋਗਰਾਮਾਂ ਨੂੰ ਪੇਸ਼ਕਸ਼ ਕਰਨ ਲਈ ਪ੍ਰੇਰਿਤ ਅਤੇ ਪ੍ਰੋਤਸਾਹਿਤ ਕੀਤਾ ਜਾਵੇਗਾ। ਦੁਭਾਸ਼ਾਈ ਪੇਸ਼ਕਸ਼ ਦੇ 4 ਸਾਲਾ ਦੋਹਰੀ ਡਿਗਰੀ B.Ed ਪ੍ਰੋਗਰਾਮ ਵੀ ਸਹਾਇਤਾ ਕਰਨਗੇ ਜਿਵੇਂ ਕਿ ਵਿਗਿਆਨ ਅਤੇ ਗਣਿਤ ਦੇ ਕੈਡਰਾਂ ਨੂੰ ਦੇਸ਼ ਭਰ ਦੇ ਸਕੂਲਾਂ ਵਿੱਚ ਦੁਭਾਸ਼ਾਈ ਵਿਗਿਆਨ ਪੜ੍ਹਾਉਣ ਲਈ ਟ੍ਰੇਨਿੰਗ ਦੇਣੀ।

ਉੱਚ-ਸਿੱਖਿਆ ਪ੍ਰਣਾਲੀ ਦੇ ਅੰਤਰਗਤ ਅਨੁਵਾਦ ਅਤੇ ਵਿਆਖਿਆ, ਕਲਾ ਅਤੇ ਅਜਾਇਬ ਘਰ ਪ੍ਰਬੰਧਨ, ਪੁਰਾਤਤਵ, ਕਲਾਤਮਕ ਸੰਭਾਲ, ਗ੍ਰਾਫਿਕ ਡਿਜ਼ਾਇਨ, ਵੈਬ ਡਿਜ਼ਾਇਨ ਦੇ ਮਿਆਰੀ ਪ੍ਰੋਗਰਾਮ ਅਤੇ ਡਿਗਰੀਆਂ ਸ਼ੁਰੂ ਕੀਤੀਆਂ ਜਾਣਗੀਆਂ। ਇਸਦੀ ਕਲਾ ਅਤੇ ਸੰਸਕ੍ਰਿਤੀ ਦੀ ਸੰਭਾਲ ਤੇ ਪ੍ਰਚਾਰ ਲਈ ਵਿਭਿੰਨ ਭਾਰਤੀ ਭਾਸ਼ਾਵਾਂ ਵਿੱਚ ਮਿਆਰੀ ਸਮੱਗਰੀ ਤਿਆਰ ਕਰਨਾ, ਕਲਾਤਮਕਤਾ ਨੂੰ ਸੰਬਾਲਣਾ, ਅਜਾਇਬ ਘਰ ਅਤੇ ਵਿਰਾਸਤ ਜਾਂ ਸੈਲਾਨੀ ਥਾਵਾਂ ਨੂੰ ਚਲਾਉਣ ਲਈ ਉੱਚ ਯੋਗਤਾ ਵਾਲੇ ਵਿਅਕਤੀਆਂ ਨੂੰ ਪ੍ਰੋਤਸਹਿਤ ਕਰਨਾ। ਇਸ ਤਰਾਂ ਸੈਰ-ਸਪਾਟਾ ਉਦਯੋਗ ਵੀ ਵਿਆਪਕ ਰੂਪ ਵਿੱਚ ਮਜਬੂਤ ਹੋਵੇਗਾ।

ਵੱਖ-ਵੱਖ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਜਨਤਾ ਲਈ ਉੱਚ ਮਿਆਰੀ ਸਿੱਖਣ ਸਮੱਗਰੀ ਅਤੇ ਹੋਰ ਮਹੱਤਵਪੂਰਨ ਲਿਖਤੀ ਅਤੇ ਬੋਲੀ ਜਾਣ ਵਾਲੀ ਸਮੱਗਰੀ ਉਪਲਬਧ ਕਰਾਉਣ ਲਈ ਭਾਰਤ ਇਸਦੇ ਅਨੁਵਾਦ ਅਤੇ ਵਿਆਖਿਆ ਦੀਆ ਕੋਸ਼ਿਸ਼ਾਂ ਨੂੰ ਛੇਤੀ ਵਿਕਸਿਤ ਕਰੇਗਾ। ਇਸ ਲਈ ਭਾਰਤੀ ਅਨੁਵਾਦ ਅਤੇ ਵਿਆਖਿਆ ਸੰਸਥਾ (IITI) ਵਿਕਸਿਤ ਕੀਤੀ ਜਾਵੇਗੀ। ਅਜਿਹੀ ਸੰਸਥਾ ਦੇਸ਼ ਲਈ ਸਹੀ ਅਰਥਾਂ ਵਿੱਚ ਪ੍ਰਮੁੱਖ ਸੇਵਾ ਪ੍ਰਦਾਨ ਕਰੇਗੀ ਤੇ ਨਾਲ ਹੀ ਅਨੇਕ ਬਹੁ-ਭਾਸ਼ਾਈ ਭਾਸ਼ਾ ਅਤੇ ਵਿਸ਼ਾ ਮਾਹਿਰਾਂ, ਅਨੁਵਾਦ ਅਤੇ ਵਿਆਖਿਆ ਮਾਹਿਰਾਂ ਨੂੰ ਰੁਜ਼ਗਾਰ ਉੱਤੇ ਲਾਏਗੀ ਜੋ ਕਿ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਪ੍ਰਫੁੱਲਤ ਕਰਨ ਵਿੱਚ ਸਹਾਈ ਹੋਵੇਗਾ। IITI ਇਸਦੀ ਅਨੁਵਾਦ ਅਤੇ ਵਿਆਖਿਆ ਦੀਆਂ ਕੋਸ਼ਿਸ਼ਾਂ ਨੂੰ ਮਦਦ ਦੇਣ ਲਈ ਤਕਨੀਕ ਦਾ ਭਰਪੂਰ ਇਸਤੇਮਾਲ ਕਰੇਗਾ। IITI ਸਮੇਂ ਦੇ ਅਨੁਸਾਰ ਸੁਭਾਵਿਕ ਤੌਰ 'ਤੇ ਵਧ ਸਕੇ ਅਤੇ ਅਨੇਕ ਟਿਕਾਣਿਆਂ ਉੱਤੇ ਸਥਿਤ ਹੋ ਜਾਏ, ਯੋਗ ਉਮੀਦਵਾਰ ਦੀ ਮੰਗ ਅਤੇ ਗਿਣਤੀ ਵਧਣ ਨਾਲ ਉੱਚ-ਸਿੱਖਿਆ ਸੰਸਥਾਵਾਂ ਸਹਿਤ ਹੋਰ ਖੋਜ ਵਿਭਾਗਾਂ ਦੇ ਨਾਲ ਸਹੂਲਤ ਤੇ ਸਹਿਯੋਗ ਕਰ ਸਕੇ।

ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਦਰਜ ਹਰੇਕ ਭਾਸ਼ਾ ਲਈ, ਨਵੀਨਤਮ ਸੰਕਲਪਾਂ ਲਈ ਅਤੇ

**ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਦਰਜ ਭਾਸ਼ਾਵਾਂ:**

| | | | |
|---|---|---|---|
| 1. ਅਸਾਮੀ | 7. ਕੰਨੜ | 13. ਮਰਾਠੀ | 19. ਸਿੰਧੀ |
| 2. ਬੰਗਾਲੀ | 8. ਕਸ਼ਮੀਰੀ | 14. ਨੇਪਾਲੀ | 20. ਤਮਿਲ |
| 3. ਬੋਡੋ | 9. ਕੋਂਕਣੀ | 15. ਉੜੀਆ | 21. ਤੇਲਗੂ |
| 4. ਡੋਗਰੀ | 10. ਮੈਥਿਲੀ | 16. ਪੰਜਾਬੀ | 22. ਉਰਦੂ |
| 5. ਗੁਜਰਾਤੀ | 11. ਮਲਿਆਲਮ | 17. ਸੰਸਕ੍ਰਿਤ | |
| 6. ਹਿੰਦੀ | 12. ਮਨੀਪੁਰੀ | 18. ਸੰਥਾਲੀ | |

ਨਵੀਨਤਮ ਸ਼ਬਦਕੋਸ਼ਾਂ ਨੂੰ ਨਿਯਮਿਤ ਤੌਰ 'ਤੇ ਜਾਰੀ ਕਰਨ ਲਈ ਸਰਲ ਪਰ ਸਹੀ ਸ਼ਬਦਾਵਲੀ ਨਿਰਧਾਰਿਤ ਕਰਨ ਲਈ ਕੁਝ ਮਹਾਨ ਵਿਦਵਾਨਾਂ ਅਤੇ ਮੂਲ ਬੁਲਾਰਿਆਂ ਵਾਲੀਆਂ ਅਕੈਡਮੀਆਂ ਵਿਕਸਿਤ ਕੀਤੀਆਂ ਜਾਣਗੀਆਂ। ਅਕੈਡਮੀਆਂ ਆਪਸ ਵਿੱਚ ਸੰਪਰਕ ਰੱਖਣਗੀਆਂ, ਕੁਝ ਮਾਮਲਿਆਂ ਵਿੱਚ ਜਨਤਾ ਤੋਂ ਉੱਤਮ ਸੁਝਾਅ ਲੈਣਗੀਆਂ, ਇਹਨਾਂ ਸ਼ਬਦਕੋਸ਼ਾਂ ਨੂੰ ਰਚਣ ਲਈ ਜਿੱਥੋਂ ਤਕ ਹੋ ਸਕੇ ਆਮ ਸ਼ਬਦ ਹੀ ਅਪਨਾਉਣ ਦਾ ਯਤਨ ਕਰਨਗੀਆਂ। ਸਿੱਖਿਆ, ਪੱਤਰਕਾਰਿਤਾ, ਲੇਖ, ਭਾਸ਼ਣ ਲਿਖਣ ਤੇ ਹੋਰਨਾਂ ਲਈ ਇਹ ਸ਼ਬਦਕੋਸ਼ ਵਿਆਪਕ ਤੌਰ 'ਤੇ ਫੈਲਾਏ ਜਾਣਗੇ ਅਤੇ ਵੈਬ ਤੇ ਕਿਤਾਬੀ ਰੂਪ ਵਿੱਚ ਉਪਲਬਧ ਹੋਣਗੇ। ਅੱਠਵੀਂ ਅਨੁਸੂਚੀ ਦੀਆਂ ਭਾਸ਼ਾ ਅਕੈਡਮੀਆਂ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰਾਂ ਨਾਲ ਸਲਾਹ ਤੇ ਸਹਿਯੋਗ ਨਾਲ ਵਿਕਸਿਤ ਕੀਤੀਆਂ ਜਾਣਗੀਆਂ। ਹੋਰ ਵਧੇਰੇ ਬੋਲੀਆਂ ਜਾਣ ਵਾਲੀਆਂ ਭਾਰਤੀ ਭਾਸ਼ਾਵਾਂ ਦੀਆਂ ਅਕੈਡਮੀਆਂ ਵੀ ਇਸੇ ਤਰ੍ਹਾਂ ਕੇਂਦਰ ਜਾਂ ਰਾਜ ਵੱਲੋਂ ਵਿਕਸਿਤ ਕੀਤੀਆਂ ਜਾਣਗੀਆਂ।

ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਅਤੇ ਉਸ ਨਾਲ ਸੰਬੰਧਿਤ ਕਲਾ ਤੇ ਸੰਸਕ੍ਰਿਤੀ ਨੂੰ ਸੰਭਾਲਣ ਲਈ ਵੈਬ ਆਧਾਰਿਤ ਪਲੇਟਫਾਰਮ/ਪੋਰਟਲ/ਵਿਕੀ ਦੇ ਜ਼ਰੀਏ ਦਸਤਾਵੇਜ਼ ਕੀਤਾ ਜਾਵੇਗਾ। ਪਲੇਟਫਾਰਮ ਵਿੱਚ ਵੀਡੀਉ, ਸ਼ਬਦਕੋਸ਼, ਰਿਕਾਰਡਿੰਗ, ਭਾਸ਼ਾ ਬੋਲਦੇ ਹੋਏ ਵਧੇਰੇ ਲੋਕ (ਖਾਸ ਕਰਕੇ ਬਜ਼ੁਰਗ) ਕਹਾਣੀ ਸੁਣਾਉਂਦੇ, ਕਵਿਤਾ ਉਚਾਰਨ ਕਰਦੇ, ਨਾਟਕ ਖੇਡਦੇ, ਲੋਕਗੀਤ ਅਤੇ ਨਾਚ ਕਰਦੇ ਲੋਕ ਹੋਣਗੇ। ਦੇਸ਼ ਭਰ ਵਿੱਚੋਂ ਇਹਨਾਂ ਕੋਸ਼ਿਸ਼ਾਂ ਵਿੱਚ ਭਾਗੀਦਾਰੀ ਦੇਣ ਲਈ ਲੋਕਾਂ ਨੂੰ ਪਲੇਟਫਾਰਮ/ਪੋਰਟਲ/ਵਿਕੀ ਉੱਤੇ ਸੰਬੰਧਤ ਸਮੱਗਰੀ ਨੂੰ ਜੋੜਨ ਲਈ ਬੁਲਾਇਆ ਜਾਵੇਗਾ। ਯੂਨੀਵਰਸਿਟੀਆਂ ਅਤੇ ਉਹਨਾਂ ਦੀਆਂ ਟੀਮਾਂ ਦੇਸ਼ ਭਰ ਵਿੱਚ ਇੱਕ ਦੂਜੇ ਨਾਲ ਅਤੇ ਭਾਈਚਾਰੇ ਨਾਲ ਇਹਨਾਂ ਪਲੇਟਫਾਰਮਾਂ ਨੂੰ ਪ੍ਰਫੁੱਲਤ ਕਰਨ ਲਈ ਕੰਮ ਕਰਨਗੀਆਂ। ਇਹ ਸੰਭਾਲ ਦੀ ਕੋਸ਼ਿਸ਼, ਅਤੇ ਸੰਬੰਧਤ ਖੋਜ ਪ੍ਰੋਜੈਕਟਾਂ ਜਿਵੇਂ ਕਿ ਇਤਿਹਾਸ, ਪੁਰਾਤਤਵ, ਭਾਸ਼ਾ ਵਿਗਿਆਨ ਆਦਿ ਨੂੰ NRF ਫੰਡ ਦੇਵੇਗਾ।

ਹਰੇਕ ਉਮਰ ਦੇ ਲੋਕਾਂ ਨੂੰ ਭਾਰਤੀ ਭਾਸ਼ਾਵਾਂ, ਕਲਾ ਤੇ ਸੰਸਕ੍ਰਿਤੀ ਸਥਾਨਕ ਉਸਤਾਦਾਂ ਜਾਂ ਉੱਚ-ਸਿੱਖਿਆ ਪ੍ਰਣਾਲੀ ਦੇ ਅੰਦਰ ਪੜ੍ਹਨ ਲਈ ਵਜ਼ੀਫੇ ਵਿਕਸਿਤ ਕੀਤੇ ਜਾਣਗੇ। ਭਾਰਤੀ ਭਾਸ਼ਾਵਾਂ ਦੀ ਤਰੱਕੀ ਤਾਂ ਹੀ ਸੰਭਵ ਹੈ ਜੇਕਰ ਉਹ ਨਿਯਮਿਤ ਤੌਰ 'ਤੇ ਵਰਤੀ ਜਾਂਦੀ ਹੈ ਤੇ ਅਧਿਐਨ ਅਤੇ ਅਧਿਆਪਨ ਵਿੱਚ ਵਰਤੀ ਜਾਂਦੀ ਹੈ। ਪ੍ਰੇਰਕ ਜਿਵੇਂ ਕਿ ਭਾਰਤੀ ਭਾਸ਼ਾਵਾਂ ਸ਼੍ਰੇਣੀਆਂ ਵਿੱਚ ਜੀਵੰਤ ਕਵਿਤਾ, ਨਾਵਲ, ਗਲਪ, ਪਾਠ-ਪੁਸਤਕਾਂ, ਪੱਤਰਕਾਰਿਤਾ ਅਤੇ ਭਾਰਤੀ ਭਾਸ਼ਾਵਾਂ ਵਿੱਚ ਹੋਰ ਕਾਰਜ ਨੂੰ ਯਕੀਨੀ ਬਣਾਉਣ ਲਈ ਸਰਬ ਸ੍ਰੇਸ਼ਠ ਕਵਿਤਾ ਅਤੇ ਵਾਰਤਕ ਨੂੰ ਵਿਕਸਿਤ ਕੀਤਾ ਜਾਵੇਗਾ। ਭਾਰਤੀ ਭਾਸ਼ਾਵਾਂ ਵਿੱਚ ਨਿਪੁੰਨਤਾ ਨੂੰ ਰੁਜ਼ਗਾਰ ਦੇ ਮੌਕਿਆਂ ਲਈ ਯੋਗਤਾ ਪੈਮਾਨੇ ਦੇ ਹਿੱਸੇ ਵਜੋਂ ਸ਼ਾਮਿਲ ਕੀਤਾ ਜਾਵੇਗਾ।

(ਸਰੋਤ- NEP 2020)

•••••

# 2. ਯੋਗਤਾਪਰਕ ਮੁਲਾਂਕਣ

– ਰਮਨ ਅਰੋੜਾ

ਅੱਜ ਦੇ ਗਤੀਸ਼ੀਲ ਸੰਸਾਰ ਵਿੱਚ ਯੋਗਤਾਪਰਕ ਮੁਲਾਂਕਣ ਦੀ ਲੋੜ ਵਧ ਰਹੀ ਹੈ ਜਿੱਥੇ ਮੌਜੂਦਾ ਸਮਰੱਥਾਵਾਂ ਨੂੰ ਹੋਰ ਵਧਾਉਣ ਅਤੇ ਅੱਗੇ ਰਹਿਣ ਲਈ ਨਵੀਆਂ ਸਮਰੱਥਾਵਾਂ ਨੂੰ ਵਿਕਸਤ ਕਰਨ 'ਤੇ ਜ਼ੋਰ ਹੈ।

ਯੋਗਤਾਪਰਕ ਮੁਲਾਂਕਣ ਆਮ ਤੌਰ 'ਤੇ ਵਿੱਦਿਅਕ ਅਤੇ ਕਿੱਤਾਮੁਖੀ ਪਰਸਥਿਤੀਆਂ ਵਿੱਚ ਕਿਸੇ ਖਾਸ ਨੌਕਰੀ/ਕਾਰਜ ਲਈ ਕਿਸੇ ਵਿਅਕਤੀ ਦੀ ਤਿਆਰੀ ਦਾ ਮੁਲਾਂਕਣ ਕਰਨਾ ਜਾਂ ਉਸ ਵੱਲੋਂ ਖਾਸ ਸਿੱਖਣ ਉਦੇਸ਼ਾਂ ਵਿੱਚ ਮੁਹਾਰਤ ਦਾ ਮੁਲਾਂਕਣ ਕਰਨ ਲਈ ਵਰਤਿਆ ਜਾਂਦਾ ਹੈ ਇਹ ਅਕਸਰ ਯੋਗਤਾਪਰਕ ਸਿੱਖਿਆ ਦੇ ਨਾਲ ਜਾਂ ਸਿਖਲਾਈ ਪ੍ਰੋਗਰਾਮਾਂ ਨਾਲ ਜੋੜ ਕੇ ਵਰਤਿਆ ਜਾਂਦਾ ਹੈ ਜੋ ਕਿ ਵਿਸ਼ੇਸ਼ ਯੋਗਤਾਵਾਂ ਦੇ ਵਿਕਾਸ ਅਤੇ ਸੁਧਾਰ 'ਤੇ ਧਿਆਨ ਕੇਂਦਰਿਤ ਕਰਦੇ ਹਨ ਜੋ ਇੱਕ ਖਾਸ ਭੂਮਿਕਾ ਜਾਂ ਪੇਸ਼ੇ ਲਈ ਜ਼ਰੂਰੀ ਹੁੰਦੇ ਹਨ।

ਭਾਸ਼ਾ ਦੀ ਜਮਾਤ ਵੀ ਹੋਰ ਵਿਸ਼ਿਆਂ ਵਾਂਗ ਯੋਗਤਾਪਰਕ ਅਧਾਰਤ ਅਧਿਆਪਨ ਦੀ ਬਜਾਇ ਸਮੱਗਰੀ ਸੰਪੂਰਨਤਾ ਕੇਂਦਰਿਤ ਹੁੰਦੀ ਹੈ। ਪ੍ਰਭਾਵੀ ਭਾਸ਼ਾ ਅਧਿਆਪਨ ਵਿਦਿਆਰਥੀਆਂ ਵਿੱਚ ਪਾਠ ਪੁਸਤਕ ਵਿੱਚ ਦਿੱਤੀ ਸਮੱਗਰੀ ਨੂੰ ਸਿਰਫ਼ ਪੂਰਾ ਕਰਨ ਲਈ ਕੇਂਦਰਿਤ ਕਰਨ ਦੀ ਬਜਾਏ ਯੋਗਤਾਵਾਂ ਦੀ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਸੰਚਾਲਿਤ ਹੋਣੀ ਚਾਹੀਦੀ ਹੈ। ਸਿੱਖਣ ਦੇ ਨਤੀਜਿਆਂ ਦੀ ਪ੍ਰਾਪਤੀ ਵਿੱਚ ਪਾੜੇ/ਖੱਪੇ ਨੂੰ ਖਤਮ ਕਰਨ ਲਈ, ਜਮਾਤ ਸੰਚਾਲਨ ਯੋਗਤਾਪਰਕ ਅਧਿਐਨ ਅਤੇ ਸਿੱਖਿਆ ਵਿੱਚ ਤਬਦੀਲ ਕੀਤਾ ਜਾਵੇਗਾ। ਮੁਲਾਂਕਣ ਸੰਦ (Tools) (ਮੁਲਾਂਕਣ ਸਮੇਤ ਸਿੱਖਣ "ਜਿਵੇਂ" ,"ਦਾ", ਅਤੇ "ਲਈ") ਵੀ ਸਿੱਖਣ ਦੇ ਨਤੀਜਿਆਂ, ਸਮਰੱਥਾਵਾਂ, ਅਤੇ ਪ੍ਰਕਿਰਤੀ ਨੂੰ ਵੀ ਇੱਕ ਦਿੱਤੀ ਕਲਾਸ ਦੇ ਹਰੇਕ ਵਿਸ਼ੇ ਦੇ ਅਨੁਕੂਲ ਕੀਤਾ ਜਾਵੇਗਾ।

NEP 2020 ਦੇ ਅਨੁਸਾਰ ਮੁਲਾਂਕਣ ਨੂੰ ਵਿਦਿਆਰਥੀ ਦੇ ਵਿਕਾਸ ਲਈ ਬਦਲਣ ਦੀ ਲੋੜ ਹੈ ।ਸਾਡੀ ਸਕੂਲੀ ਸਿੱਖਿਆ ਪ੍ਰਣਾਲੀ ਦੇ ਆਚਾਰ ਵਿੱਚ ਮੁਲਾਂਕਣ ਇੱਕ ਤੋਂ ਬਦਲ ਜਾਵੇਗਾ ਜੋ ਯੋਗਾਤਮਕ ਹੈ ਅਤੇ ਮੁੱਖ ਤੌਰ 'ਤੇ ਰਟਨ ਪ੍ਰਵਿਰਤੀ ਦੀ ਜਾਂਚ ਕਰਕੇ ਵਧੇਰੇ ਨਿਯਮਤ ਅਤੇ ਰਚਨਾਤਮਕ,ਵਧੇਰੇ ਯੋਗਤਾਪਰਕ ਹੈ, ਸਾਡੇ ਵਿਦਿਆਰਥੀਆਂ ਲਈ ਸਿੱਖਣ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਉੱਚ-ਪੱਧਰੀ ਕੁਸ਼ਲਤਾਵਾਂ ਜਿਵੇਂ ਕਿ ਵਿਸ਼ਲੇਸ਼ਣ, ਆਲੋਚਨਾਤਮਕ ਸੋਚ, ਅਤੇ ਸੰਕਲਪਾਤਮਕ ਸਪੱਸ਼ਟਤਾ ਦਾ ਨਿਰੀਖਣ ਕਰਦਾ ਹੈ ।ਮੁਲਾਂਕਣ ਦਾ ਅਸਲ ਵਿੱਚ ਮੁੱਖ ਉਦੇਸ਼ ਸਿੱਖਣ ਲਈ ਹੋਵੇਗਾ; ਇਹ ਅਧਿਆਪਕ, ਵਿਦਿਆਰਥੀ, ਅਤੇ ਪੂਰੀ ਸਕੂਲ ਪ੍ਰਣਾਲੀ ਨੂੰ ਸਿੱਖਣ ਅਨੁਕੂਲ ਬਣਾਉਣ ਲਈ ਅਧਿਐਨ -ਅਧਿਆਪਨ ਪ੍ਰਕਿਰਿਆਵਾਂ ਨੂੰ ਲਗਾਤਾਰ ਸੋਧ ਕੇ ਅਤੇ ਸਾਰੇ ਵਿਦਿਆਰਥੀਆਂ ਦੇ ਅਧਿਐਨ ਅਤੇ ਵਿਕਾਸ ਲਈ ਮਦਦ ਕਰੇਗਾ। ਇਹ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਮੁਲਾਂਕਣ ਲਈ ਬੁਨਿਆਦੀ ਸਿਧਾਂਤ ਹੋਵੇਗਾ।

## ਯੋਗਤਾਪਰਕ ਸਿਖਲਾਈ ਕੀ ਹੈ?

ਯੋਗਤਾਪਰਕ ਮੁਲਾਂਕਣ ਲਈ ਵਿਦਿਆਰਥੀਆਂ ਨੂੰ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਉਹ ਕੀ ਕਰ ਸਕਦੇ ਹਨ। ਵਿਦਿਆਰਥੀ ਦੁਆਰਾ ਕਾਰਜਸ਼ੀਲਤਾ, ਕੁਝ ਬਣਾਉਣ, ਬੋਲਣ ਜਾਂ ਲਿਖਣ ਦੁਆਰਾ ਪ੍ਰਦਰਸ਼ਨ ਕਰ ਸਕਦਾ ਹੈ। ਯੋਗਤਾਪਰਕ ਸਿੱਖਿਆ "ਸਿੱਖਣ ਪ੍ਰਕਿਰਿਆ ਦੇ ਕੇਂਦਰ ਵਜੋਂ ਵਿਦਿਆਰਥੀ ਦੁਆਰਾ ਲੋੜੀਂਦੇ ਸਿੱਖਿਆ ਉਦੇਸ਼ਾਂ ਦੇ ਪ੍ਰਦਰਸ਼ਨ 'ਤੇ ਕੇਂਦਰਿਤ ਕਰਦਾ ਹੈ। ਇਹ ਮੁੱਖ ਤੌਰ 'ਤੇ ਵਿਦਿਆਰਥੀ ਦੁਆਰਾ ਪਾਠਕ੍ਰਮ ਰਾਹੀਂ ਆਪਣੀ ਗਤੀ, ਗਹਿਰਾਈ ਆਦਿ ਦੇ ਵਿਕਾਸ ਨਾਲ ਸਬੰਧਤ ਹੈ।

ਯੋਗਤਾਪਰਕ ਮੁਲਾਂਕਣ ਦੇ ਪਿੱਛੇ ਆਮ ਵਿਚਾਰ ਇਹ ਹੈ ਕਿ ਇਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਖਾਸ ਫੀਡਬੈਕ ਪ੍ਰਦਾਨ ਕਰਦਾ ਹੈ ਜੋ ਸਮੇਂ ਅਨੁਸਾਰ ਵਿਕਾਸ ਅਤੇ ਪ੍ਰਾਪਤ ਕੁਸ਼ਲਤਾਵਾਂ ਦੀ ਸਪੱਸ਼ਟ ਸਮਝ ਲਿਆ ਸਕਦਾ ਹੈ।

## ਯੋਗਤਾਪਰਕ ਮੁਲਾਂਕਣ ਦੇ ਕੀ ਲਾਭ ਹਨ?

### 1. ਬਿਹਤਰ ਸਪਸ਼ਟਤਾ ਅਤੇ ਪਾਰਦਰਸ਼ਤਾ (Improved clarity and transparency)



ਯੋਗਤਾਪਰਕ ਮੁਲਾਂਕਣ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਮਜਬੂਤ ਖੇਤਰਾਂ ਅਤੇ ਉਹਨਾਂ ਖੇਤਰਾਂ ਦੀ ਪਛਾਣ ਕਰਨ ਵੱਲ ਦੱਸਦਾ ਹੈ ਜਿੱਥੇ ਵਿਦਿਆਰਥੀਆਂ ਨੂੰ ਹੋਰ ਸਹਾਇਤਾ ਦੀ ਲੋੜ ਹੋ ਸਕਦੀ ਹੈ। ਇਹਨਾਂ ਸਾਰਿਆਂ ਮਾਮਲਿਆਂ ਵਿੱਚ, ਇਹ ਮੁਲਾਂਕਣ ਅਧਿਆਪਕਾਂ ਨੂੰ ਵਿਦਿਆਰਥੀ ਦੇ ਵਿਕਾਸ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੇ ਹਨ ਜੋ ਵਿਅਕਤੀਗਤ ਟੀਚਿਆਂ ਅਤੇ ਵਿਦਿਅਕ ਯੋਜਨਾਵਾਂ ਨੂੰ ਬਣਾਉਣ ਲਈ ਵਰਤੀ ਜਾ ਸਕਦੀ ਹੈ।

ਇੱਕ ਯੋਗਤਾਪਰਕ ਮਾਡਲ ਵਿਦਿਆਰਥੀਆਂ, ਮਾਪਿਆਂ ਅਤੇ ਭਵਿੱਖ ਦੇ ਸਕੂਲਾਂ ਨੂੰ ਵਿਦਿਆਰਥੀ ਦੇ ਸਮਾਜਿਕ ਅਤੇ ਅਕਾਦਮਿਕ ਵਿਕਾਸ ਬਾਰੇ ਸਪਸ਼ਟ ਜਾਣਕਾਰੀ ਦੇਣ ਬਾਰੇ ਸਮਰੱਥ ਹੈ।

### 2. ਵਿਅਕਤੀਪਰਕ ਸਿੱਖਿਆ (Personalized of learning)



ਸਿੱਖਿਅਕਾਂ ਕੋਲ ਹਰੇਕ ਵਿਦਿਆਰਥੀ ਦੇ ਸਿੱਖਣ ਦੇ ਰਵੱਈਏ ਅਤੇ ਰਣਨੀਤੀਆਂ ਬਾਰੇ ਡੂੰਘੇ ਵਿਚਾਰ ਪ੍ਰਦਾਨ ਕਰਨ ਦਾ ਵਧੀਆ ਮੌਕਾ ਹੁੰਦਾ ਹੈ ਅਤੇ ਜੋ ਵਿਅਕਤੀਗਤ ਲੋੜਾਂ ਨੂੰ ਵਧੀਆ ਢੰਗ ਨਾਲ ਸਮਰਥਨ ਕਰਨ ਲਈ

ਸਰੋਤ ਉਪਲਬਧ ਕਰਾ ਸਕਦਾ ਹੈ। ਇਸ ਤਰਾਂ ਦੀ ਜਾਣਕਾਰੀ ਵਿਲੱਖਣ ਢੰਗਾਂ, ਰਣਨੀਤੀਆਂ, ਅਤੇ ਕੋਚਿੰਗ ਨੂੰ ਸਮਝਣ ਦੀ ਕੁੰਜੀ ਹੈ ਜਿਸਨੂੰ ਹਰੇਕ ਵਿਦਿਆਰਥੀ ਵਧੀਆ ਹੁੰਗਾਰਾ ਭਰਦਾ ਹੈ। ਇਹ ਵਿਅਕਤੀਗਤ ਸਿਖਲਾਈ ਦੀ ਬੁਨਿਆਦ ਹੈ।

### 3. ਇੱਕ ਮੁਲਾਂਕਣ ਦੇ ਰੁਝਾਨ ਵੱਲ ਵੱਧਣਾ (Shift towards a culture of assessment)



ਮੁਲਾਂਕਣ ਵਿੱਚ ਬਦਲਾਅ ਕਰਨਾ ਕੁਝ ਸਿੱਖਿਅਕਾਂ ਲਈ ਔਖਾ ਹੋ ਸਕਦਾ ਹੈ, ਖਾਸ ਤੌਰ 'ਤੇ ਜੋ ਆਪਣੇ ਪੂਰੇ ਕਰੀਅਰ ਦੌਰਾਨ ਰਵਾਇਤੀ ਮੁਲਾਂਕਣ ਅਭਿਆਸਾਂ ਦੀ ਵਰਤੋਂ ਕਰਦੇ ਰਹੇ ਹਨ। ਇਹ ਮਾਪਿਆਂ ਦੁਆਰਾ ਬਿਨਾਂ ਗ੍ਰੇਡ ਦੇ ਆਪਣੇ ਬੱਚੇ ਦੇ ਪ੍ਰਦਰਸ਼ਨ ਦਾ ਮੁਲਾਂਕਣ ਵੱਲ ਵਧਣਾ ਵੀ ਹੋ ਸਕਦਾ ਹੈ।

ਇਹ ਮਹੱਤਵਪੂਰਨ ਹੈ ਕਿ ਅਧਿਆਪਕ ਸਰੋਤਾਂ ਅਤੇ ਪੇਸ਼ੇਵਰ ਵਿਕਾਸ ਜਿਹੜਾ ਵਿਦਿਆਰਥੀ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਦੇ ਵੱਖੋ-ਵੱਖਰੇ ਤਰੀਕੇ, ਅਤੇ ਉਹ ਕਿਉਂ ਮੁੱਲ ਰੱਖਦੇ ਹਨ, ਦਾ ਸਮਰਥਨ ਕਰਨ। ਹਰੇਕ ਅਧਿਆਪਕ ਜਾਣਦਾ ਹੈ, ਸਿੱਖਣਾ ਕਦੇ ਨਹੀਂ ਰੁਕਦਾ - ਅਤੇ ਮੌਜੂਦਾ ਰੁਝਾਨਾਂ ਦੇ ਸਿਖਰ 'ਤੇ ਰਹਿ ਕੇ, ਪਾਠਕ੍ਰਮ ਹਰੇਕ ਵਿਦਿਆਰਥੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਨੁਕੂਲਿਤ ਹੋ ਸਕਦਾ ਹੈ।

### 4. ਵਿਦਿਆਰਥੀ ਦਾ ਆਪਣੀ ਖੁਦ ਦੀ ਸਿਖਲਾਈ ਪ੍ਰੋਫਾਈਲ ਨੂੰ ਬਿਹਤਰ ਢੰਗ ਨਾਲ ਸਮਝਣਾ

(Students better understand their own learning profile)



ਵਿਦਿਆਰਥੀ ਆਪਣੇ ਅਧਿਐਨ ਦੀ ਜ਼ਿੰਮੇਦਾਰੀ ਖੁਦ ਲੈਂਦੇ ਹਨ। ਕਿਸੇ ਹੁਨਰ ਵਿੱਚ ਮੁਹਾਰਤ ਹਾਸਲ ਕਰਨ ਅਤੇ ਅੱਗੇ ਕੀ ਹੈ,ਦੀ ਪਛਾਣ ਕਰਨਾ ਸਿੱਖਣ ਵੇਲੇ ਦ੍ਰਿੜ ਮਹਿਸੂਸ ਕਰਦੇ ਹਨ।

## ਯੋਗਤਾਪਰਕ ਅਧਾਰਤ ਮੁਲਾਂਕਣ ਸੰਦ (Tools)

ਕੁਝ ਯੋਗਤਾਪਰਕ ਮੁਲਾਂਕਣ ਦੇ ਸੰਦ ਹੋ ਸਕਦੇ ਹਨ-

1. **ਨਿਰੀਖਣ ਅਨੁਸੂਚੀ** (Observation Schedules): ਇੱਕ ਨਿਰੀਖਣ ਅਨੁਸੂਚੀ ਇੱਕ ਵਿਸ਼ਲੇਸ਼ਣਾਤਮਕ ਫਾਰਮ, ਜਾਂ ਕੋਡਿੰਗ ਸ਼ੀਟ ਹੈ, ਜਿਸ ਨੂੰ ਅਧਿਆਪਕ ਦੁਆਰਾ ਸਰੰਚਿਤ (structured) ਨਿਰੀਖਣ ਸਮੇਂ ਭਰਿਆ ਜਾਂਦਾ ਹੈ। ਇਹ ਵਿਹਾਰਾਂ ਜਾਂ ਘਟਨਾਵਾਂ ਦੀਆਂ ਸ਼੍ਰੇਣੀਆਂ ਨੂੰ ਪਹਿਲਾਂ ਹੀ ਧਿਆਨ ਨਾਲ ਨਿਸ਼ਚਿਤ ਅਤੇ ਪੜਤਾਲ ਕਰਦਾ ਹੈ ਕਿ ਕਿਨ੍ਹਾਂ ਹਾਲਾਤਾਂ ਵਿੱਚ ਉਹਨਾਂ ਨੂੰ ਉਹਨਾਂ ਸ਼੍ਰੇਣੀਆਂ ਵਿੱਚ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

   ਨਿਰੀਖਣ ਅਨੁਸੂਚੀਆਂ ਨੂੰ ਅਧਿਆਪਕ ਜਾਂ ਵਿਦਿਆਰਥੀ ਦੇ ਵਿਵਹਾਰ ਦੇ ਪੈਟਰਨਾਂ ਨੂੰ ਪ੍ਰਗਟ ਕਰਨ ਲਈ ਤਿਆਰ ਕੀਤਾ ਗਿਆ ਹੈ ਜੋ ਕਿ ਵਿਦਿਆਰਥੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਹੋ ਸਕਦਾ ਹੈ।

2. **ਚੈੱਕਲਿਸਟ** (Checklist): ਇੱਕ ਚੈਕਲਿਸਟ ਉਹਨਾਂ ਸਾਰੀਆਂ ਚੀਜ਼ਾਂ ਦੀ ਸੂਚੀ ਹੈ ਜੋ ਤੁਹਾਨੂੰ ਕਰਨ ਦੀ ਲੋੜ ਹੈ, ਉਹ ਜਾਣਕਾਰੀ ਜੋ ਤੁਸੀਂ ਖੋਜਣਾ ਚਾਹੁੰਦੇ ਹੋ, ਜਾਂ ਜਿਹੜੀਆਂ ਚੀਜ਼ਾਂ ਤੁਹਾਨੂੰ ਕਿਤੇ ਲਿਜਾਉਣ ਦੀ ਲੋੜ ਹੈ, ਜੋ ਤੁਸੀਂ ਇਹ ਯਕੀਨੀ ਬਣਾਉਣ ਲਈ ਬਣਾਉਂਦੇ ਹੋ ਕਿ ਤੁਸੀਂ ਕੁਝ ਭੁੱਲ ਨਾ ਜਾਓ।

   ਇਹ ਆਮ ਤੌਰ 'ਤੇ ਵਿਦਿਆਰਥੀ ਪ੍ਰਦਰਸ਼ਨ ਦੇ ਵਿਸ਼ੇਸ਼ ਮਾਪਦੰਡਾਂ ਸੰਬੰਧੀ ਹਾਂ/ਨਹੀਂ ਫਾਰਮੈਟ ਦੀ ਪੇਸ਼ਕਸ਼ ਕਰਦਾ ਹੈ। ਇਹ ਇੱਕ ਲਾਈਟ ਸਵਿੱਚ ਦੇ ਸਮਾਨ ਹੈ; ਲਾਈਟ ਜਾਂ ਤਾਂ ਜਗਦੀ ਜਾਂ ਬੰਦ ਹੈ। ਇਹ ਵਿਅਕਤੀਗਤ, ਇੱਕ ਸਮੂਹ ਜਾਂ ਇੱਕ ਪੂਰੀ ਜਮਾਤ ਦੇ ਨਿਰੀਖਣ ਨੂੰ ਰਿਕਾਰਡ ਕਰਨ ਲਈ ਵਰਤਿਆ ਜਾ ਸਕਦਾ ਹੈ।

**ਚੈੱਕਲਿਸਟ** (Checklist)

| | | |
|---|---|---|
| 1. | ਮੈਂ ਪੰਜਾਬੀ ਭਾਸ਼ਾ ਪੜ੍ਹ ਅਤੇ ਲਿਖ ਸਕਦਾ/ਸਕਦੀ ਹਾਂ। | (✓) |
| 2. | ਅੱਜ ਮੈਂ ਸਾਰਾ ਦਿਨ ਆਪਣੀ ਮਾਂ-ਬੋਲੀ ਵਿੱਚ ਗੱਲਬਾਤ ਕੀਤੀ। | ( ) |
| 3. | ਅੱਜ ਮੈਂ ਪੰਜਾਬੀ ਵਿੱਚ ਇਕ ਨਵੀਂ ਕਹਾਣੀ ਪੜ੍ਹੀ। | ( ) |
| 4. | ਅੱਜ ਮੈਂ ਪੰਜਾਬੀ ਭਾਸ਼ਾ ਵਿਚ ਇਕ ਨਵੀਂ ਕਵਿਤਾ ਲਿਖੀ। | (✓) |
| 5. | ਅੱਜ ਮੈਂ ਆਪਣੇ ਗੁਆਂਢ ਦੇ ਬੱਚਿਆਂ ਨੂੰ ਪੰਜਾਬੀ ਵਰਨਮਾਲਾ ਸਿਖਾਈ। | (✓) |

3. **ਰੇਟਿੰਗ ਸਕੇਲ** (Rating Scales): ਰੇਟਿੰਗ ਸਕੇਲ ਅਧਿਆਪਕਾਂ ਨੂੰ ਸਿਖਿਆਰਥੀਆਂ ਦੁਆਰਾ ਪ੍ਰਦਰਸ਼ਿਤ ਵਿਵਹਾਰਾਂ, ਹੁਨਰਾਂ ਅਤੇ ਰਣਨੀਤੀਆਂ ਦੀ ਡਿਗਰੀ ਜਾਂ ਬਾਰੰਬਾਰਤਾ ਦਰਸਾਉਣ ਦੀ ਇਜਾਜ਼ਤ ਦਿੰਦੇ ਹਨ। ਲਾਈਟ ਸਵਿੱਚ ਇਕਰੂਪਤਾ ਨੂੰ ਜਾਰੀ ਰੱਖਣ ਲਈ, ਇੱਕ ਰੇਟਿੰਗ ਸਕੇਲ ਡਿਮਰ ਸਵਿੱਚ ਵਰਗਾ ਹੈ

   ਜੋ ਪ੍ਰਦਰਸ਼ਨ ਪੱਧਰਾਂ ਦੀ ਇੱਕ ਹੱਦ ਪ੍ਰਦਾਨ ਕਰਦਾ ਹੈ। ਰੇਟਿੰਗ ਸਕੇਲ ਵਿਦਿਆਰਥੀ ਦੀ ਗੁਣਵੱਤਾ ਜਾਂ ਬਾਰੰਬਾਰਤਾ ਦਾ ਵਰਨਣ ਕਰਨ ਲਈ ਤਿੰਨ ਜਾਂ ਚਾਰ ਜਵਾਬ ਚੋਣ ਕਰਨ ਲਈ ਮਾਪਦੰਡ ਦੱਸਦੇ ਹਨ।


   ਅਧਿਆਪਕ ਨਿਰੀਖਣਾਂ ਨੂੰ ਰਿਕਾਰਡ ਕਰਨ ਲਈ ਰੇਟਿੰਗ ਸਕੇਲਾਂ ਦੀ ਵਰਤੋਂ ਕਰ ਸਕਦੇ ਹਨ ਅਤੇ ਵਿਦਿਆਰਥੀ ਇਹਨਾਂ ਨੂੰ ਸਵੈ-ਮੁਲਾਂਕਣ ਸੰਦ ਵਜੋਂ ਵਰਤ ਸਕਦੇ ਹਨ। ਵਿਦਿਆਰਥੀਆਂ ਨੂੰ

ਵਿਆਖਿਆਤਮਿਕ ਸ਼ਬਦਾਂ ਦੀ ਵਰਤੋਂ ਕਰਨਾ ਸਿਖਾਉਣਾ, ਜਿਵੇਂ ਕਿ ਹਮੇਸ਼ਾ ਵਾਂਗ, ਆਮ ਤੌਰ 'ਤੇ, ਕਦੇ-ਕਦਾਈਂ ਅਤੇ ਕਦੇ ਨਹੀਂ, ਉਹਨਾਂ ਨੂੰ ਖਾਸ ਸਮਰੱਥਾਵਾਂ ਅਤੇ ਲੋੜਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਮਦਦ ਕਰਦਾ ਹੈ।

4. **ਰੁਬਰਿਕਸ** (Rubrics): ਇੱਕ ਰੁਬਰਿਕ ਨਿਰਧਾਰਤ ਕੰਮ ਨੂੰ ਭਾਗਾਂ ਵਿੱਚ ਵੰਡਦਾ ਹੈ ਅਤੇ ਹਰੇਕ ਹਿੱਸੇ ਅਤੇ ਮੁਹਾਰਤ ਦੇ ਵੱਖ-ਵੱਖ ਪੱਧਰਾਂ ਨਾਲ ਜੁੜੇ ਕੰਮ ਦੀ ਸਪਸ਼ਟ ਵਿਆਖਿਆ ਦਾ ਵਰਣਨ ਪ੍ਰਦਾਨ ਕਰਦਾ ਹੈ। ਰੁਬਰਿਕਸ ਅਸਾਈਨਮੈਂਟਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਜਿਵੇਂ ਕਾਗਜ਼, ਪ੍ਰੋਜੈਕਟ, ਮੌਖਿਕ ਪੇਸ਼ਕਾਰੀਆਂ, ਕਲਾਤਮਕ ਪ੍ਰਦਰਸ਼ਨ, ਸਮੂਹ ਪ੍ਰੋਜੈਕਟ, ਆਦਿ ਲਈ ਵਰਤਿਆ ਜਾ ਸਕਦਾ ਹੈ। ਰੂਬਰਿਕਸ ਦੀ ਵਰਤੋਂ ਸਕੋਰਿੰਗ ਜਾਂ ਗਰੇਡਿੰਗ ਮਾਰਗਦਰਸ਼ਕ ਵਜੋਂ ਯੋਗਾਤਮਕ ਫੀਡਬੈਕ ਪ੍ਰਦਾਨ ਕਰਨ, ਚੱਲ ਰਹੇ ਸਿੱਖਣ ਦੇ ਯਤਨਾਂ, ਜਾਂ ਦੋਹਾਂ ਦਾ ਸਮਰਥਨ ਅਤੇ ਮਾਰਗਦਰਸ਼ਨ ਕਰਨ ਲਈ ਕੀਤੀ ਜਾ ਸਕਦੀ ਹੈ।

   ਇੱਕ ਰੁਬਰਿਕ ਸਿਖਿਅਕ ਨੂੰ ਵਿਦਿਆਰਥੀਆਂ ਨੂੰ ਖਾਸ ਲੋੜਾਂ ਅਤੇ ਅਸਾਈਨਮੈਂਟ ਦੇ ਪ੍ਰਦਰਸ਼ਨ ਦੇ ਮੰਨਣ ਯੋਗ ਮਾਪਦੰਡਾਂ ਨੂੰ ਸੰਚਾਰਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਜਦੋਂ ਵਿਦਿਆਰਥੀਆਂ ਨੂੰ ਅਸਾਈਨਮੈਂਟ ਵਿਆਖਿਆ ਨਾਲ ਰੁਬਰਿਕ ਦਿੱਤੇ ਜਾਂਦੇ ਹਨ, ਉਹ ਵਿਦਿਆਰਥੀਆਂ ਦੀ ਪ੍ਰਗਤੀ ਦਾ ਨਿਰੀਖਣ ਅਤੇ ਮੁਲਾਂਕਣ ਕਰਨ ਵਿੱਚ ਮਦਦ ਕਰ ਸਕਦੇ ਹਨ ਕਿਉਂਕਿ ਉਹ ਦਿੱਤੇ ਟੀਚਿਆਂ ਵੱਲ ਸਪਸ਼ਟ ਤੌਰ 'ਤੇ ਕੰਮ ਕਰਦੇ ਹਨ। ਜਦੋਂ ਅਸਾਈਨਮੈਂਟਾਂ ਨੂੰ ਅੰਕ ਦੇ ਕੇ ਰੁਬਰਿਕ ਸਹਿਤ ਵਾਪਸ ਕੀਤਾ ਜਾਂਦਾ ਹੈ, ਤਾਂ ਵਿਦਿਆਰਥੀ ਉਹਨਾਂ ਦੇ ਕੰਮ ਦੀਆਂ ਖੂਬੀਆਂ ਅਤੇ ਕਮਜ਼ੋਰੀਆਂ ਨੂੰ ਆਸਾਨੀ ਨਾਲ ਪਛਾਣਦੇ ਹਨ ਅਤੇ ਉਹਨਾਂ ਅਨੁਸਾਰ ਆਪਣੇ ਯਤਨਾਂ ਨੂੰ ਸੇਧ ਦਿੰਦੇ ਹਨ।

5. **ਪ੍ਰੋਜੈਕਟ** (Project): ਪ੍ਰੋਜੈਕਟ ਵਿਧੀ ਵਿੱਚ ਅਧਿਆਪਕ, ਵਿਦਿਆਰਥੀ ਜਾਂ ਦੋਵਾਂ ਦੁਆਰਾ ਇੱਕ ਸਮੱਸਿਆ ਚੁਣੀ ਜਾਂਦੀ ਹੈ।ਕਾਰਜ ਨੂੰ ਅੱਗੇ ਉਪ ਥੀਮਾਂ ਵਿੱਚ ਵੰਡਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਆਪਣੇ ਤੌਰ 'ਤੇ ਜਾਂਚ ਕਰਨਾ, ਨਮੂਨੇ ਇਕੱਠੇ ਕਰਨਾ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨ ਦੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।ਅੰਤ ਵਿੱਚ, ਪ੍ਰੋਜੈਕਟ ਦੀਆਂ ਰਿਪੋਰਟਾਂ ਇਕੱਠੀਆਂ ਕਰਕੇ ਸਾਰੀ ਕਲਾਸ ਨਾਲ ਚਰਚਾ ਕੀਤੀ ਜਾਂਦੀ ਹੈ। ਅਧਿਆਪਕ ਵਿਦਿਆਰਥੀਆਂ ਦੀ ਅਧਿਐਨ ਸਹੂਲਤ ਲਈ ਮਾਰਗਦਰਸ਼ਨ ਵਜੋਂ ਕੰਮ ਕਰਦਾ ਹੈ।



6. **ਜਰਨਲ** (Journal): ਜਰਨਲ ਤੁਹਾਡੇ ਵਿਚਾਰਾਂ, ਅਨੁਭਵਾਂ ਅਤੇ ਨਿਰੀਖਣਾਂ ਦਾ ਲਿਖਤੀ ਰਿਕਾਰਡ ਹੁੰਦਾ ਹੈ। ਜਰਨਲਿੰਗ ਦੇ ਨਾਲ,ਇੱਥੇ ਕੋਈ ਨਿਯਮ, ਕੋਈ ਠੀਕ ਜਾਂ ਗਲਤ ਨਹੀਂ ਹਨ। ਤੁਸੀਂ ਆਪਣੇ ਜਰਨਲ ਦੇ ਕੁਝ ਹਿੱਸੇ ਸਾਂਝੇ ਕਰਨ ਦਾ ਫੈਸਲਾ ਕਰ ਸਕਦੇ ਹੋ ਪਰ ਮੂਲ ਰੂਪ ਵਿੱਚ, ਤੁਹਾਡਾ ਜਰਨਲ ਤੁਹਾਡੇ ਲਈ ਹੈ। ਜਰਨਲ ਅਕਸਰ ਗੈਰ-ਸੰਗਠਿਤ ਮੁਫਤ ਲਿਖਤ ਲਈ ਇੱਕ ਸਥਾਨ ਹਨ।




7. **ਸਿਖਿਆਰਥੀ ਪ੍ਰੋਫਾਈਲ** (Learner's Profile): ਸਿਖਿਆਰਥੀ ਪ੍ਰੋਫਾਈਲ ਉਹਨਾਂ ਤਰੀਕਿਆਂ ਦਾ ਵਰਣਨ ਕਰਦਾ ਹੈ ਜਿਸ ਵਿੱਚ ਇੱਕ ਵਿਦਿਆਰਥੀ ਸਭ ਤੋਂ ਵਧੀਆ ਸਿੱਖਦਾ ਹੈ। ਇੱਕ ਵਿਆਪਕ ਸਿਖਿਆਰਥੀ ਪ੍ਰੋਫਾਈਲ ਵਿੱਚ ਵਿਦਿਆਰਥੀ ਦੀਆਂ ਦਿਲਚਸਪੀਆਂ, ਸਿੱਖਣ ਦੀਆਂ ਤਰਜੀਹਾਂ ਅਤੇ ਲਿੰਗ, ਸਭਿਆਚਾਰ ਅਤੇ ਵਿਅਕਤੀਤਵ ਸੰਬੰਧੀ ਵਖਰੇਵਿਆਂ ਬਾਰੇ ਜਾਣਕਾਰੀ ਸ਼ਾਮਲ ਹੈ। ਇਸ ਵਿੱਚ ਵਿਦਿਆਰਥੀ ਦੀਆਂ ਸਿੱਖਣ ਸਮਰੱਥਾਵਾਂ, ਲੋੜਾਂ ਅਤੇ ਅਤੀਤ ਵਿੱਚ ਸਫਲ ਰਹੇ ਸਹਿਯੋਗਾਂ ਦੀਆਂ ਕਿਸਮਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇੱਕ ਸਿਖਿਆਰਥੀ ਦੇ ਪ੍ਰੋਫ਼ਾਈਲ ਦਾ ਗਤੀਸ਼ੀਲ ਹੋਣਾ ਲੋੜੀਂਦਾ ਹੈ ਕਿਉਂਕਿ ਵਿਅਕਤੀਗਤ ਸਿਖਿਆਰਥੀ ਲਗਾਤਾਰ ਵਿਕਾਸ ਕਰ ਰਹੇ ਹਨ ਅਤੇ ਬਦਲ ਰਹੇ ਹਨ।



8. **ਪ੍ਰਸੰਗਿਕ ਰਿਕਾਰਡ** (Anecdotal records): ਪ੍ਰਸੰਗਿਕ ਰਿਕਾਰਡ ਇਕ ਵਿਦਿਆਰਥੀ ਦਾ ਨਿਰੀਖਣ ਕੀਤਾ ਹੋਇਆ ਵਿਵਹਾਰ ਹੁੰਦਾ ਹੈ। ਇਹ ਵਿਦਿਆਰਥੀ ਦੇ ਜੀਵਨ ਵਿੱਚ ਵਾਪਰੀਆਂ ਕੁਝ ਮਹੱਤਵਪੂਰਨ ਘਟਨਾਵਾਂ ਦਾ ਰਿਕਾਰਡ ਹੈ ਜੋ ਉਸ ਦੀ ਸ਼ਖਸੀਅਤ ,ਉਸਦੇ ਆਚਰਣ, ਸੋਚ, ਹੁਨਰ ਤੇ ਸਮਰਥਾਵਾਂ 'ਤੇ ਰੌਸ਼ਨੀ ਪਾਉਂਦੀ ਹੈ, ਉਸ ਦੀ ਸ਼ਖਸੀਅਤ ਬਾਰੇ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਾ ਖੁਲਾਸਾ ਕਰਦੀ ਹੈ। (ਸੀਸੀਈ, CBSE, ਨਵੀਂ ਦਿੱਲੀ)

ਸਵੈ-ਮੁਲਾਂਕਣ ਦੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਉਹਨਾਂ ਦੇ ਆਪਣੇ ਪ੍ਰਦਰਸ਼ਨ ਦਾ ਯਥਾਰਥਵਾਦੀ ਨਿਰਣਾਇਕ ਬਣ ਕੇ ਆਪਣਾ ਕੰਮ ਸੋਧਣ ਵਿੱਚ ਮਦਦ ਕਰਦੀਆਂ ਹਨ।

- ਚਿੰਤਨ ਅਭਿਆਸ ਅਤੇ ਸਵੈ-ਨਿਗਰਾਨੀ ਦੇ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ।
- ਵਿਦਿਆਰਥੀ ਦੀ ਸਿੱਖਣ ਦੀ ਪ੍ਰਗਤੀ ਦੀ ਸਵੈ-ਰਿਪੋਰਟਿੰਗ ਦੁਆਰਾ ਅਕਾਦਮਿਕ ਅਖੰਡਤਾ ਨੂੰ ਉਤਸ਼ਾਹਿਤ ਕਰਦਾ ਹੈ।
- ਸਵੈ-ਨਿਰਦੇਸ਼ਿਤ ਸਿਖਲਾਈ ਦਾ ਵਿਕਾਸ ਕਰਦਾ ਹੈ।
- ਵਿਦਿਆਰਥੀ ਦੀ ਪ੍ਰੇਰਣਾ ਵਧਾਉਂਦਾ ਹੈ।
- ਵਿਦਿਆਰਥੀਆਂ ਨੂੰ ਨਿੱਜੀ ਅਤੇ ਸਥਾਨਾਂਤਰਣ ਯੋਗ ਹੁਨਰਾਂ ਦੀ ਇੱਕ ਸ਼੍ਰੇਣੀ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ।

9. **ਕੇਸ ਸਟੱਡੀ** (Case Study): ਇੱਕ ਕੇਸ ਸਟੱਡੀ ਇੱਕ ਵਿਅਕਤੀ, ਸਮੂਹ, ਜਾਂ ਘਟਨਾ ਦਾ ਡੂੰਘਾਈ ਨਾਲ ਅਧਿਐਨ ਹੁੰਦਾ ਹੈ। ਇੱਕ ਕੇਸ ਸਟੱਡੀ ਵਿੱਚ ਲਗਭਗ ਹਰ ਵਿਸ਼ੇ ਦੇ ਜੀਵਨ ਅਤੇ ਇਤਿਹਾਸ ਦੇ ਪਹਿਲੂਆਂ ਦਾ ਵਿਸ਼ਲੇਸ਼ਣ, ਪੈਟਰਨਾਂ ਅਤੇ ਵਿਵਹਾਰ ਦੇ ਕਾਰਨਾਂ ਦੀ ਭਾਲ ਕਰਨ ਲਈ ਕੀਤਾ ਜਾਂਦਾ ਹੈ। ਕੇਸ ਅਧਿਐਨ ਮਨੋਵਿਗਿਆਨ, ਦਵਾਈ, ਸਿੱਖਿਆ, ਮਾਨਵ-ਵਿਗਿਆਨ, ਰਾਜਨੀਤੀ ਵਿਗਿਆਨ, ਅਤੇ ਸਮਾਜਿਕ ਕਾਰਜ ਸਮੇਤ ਕਈ ਖੇਤਰਾਂ ਵਿੱਚ ਵਰਤੇ ਜਾ ਸਕਦੇ ਹਨ।

ਉਮੀਦ ਇਹ ਹੈ ਕਿ ਇੱਕ ਕੇਸ ਦਾ ਅਧਿਐਨ ਕਰਨ ਤੋਂ ਪ੍ਰਾਪਤ ਸਿੱਖਣ ਨੂੰ ਹੋਰਨਾਂ ਲਈ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।ਬਦਕਿਸਮਤੀ ਨਾਲ, ਕੇਸ ਸਟੱਡੀਜ਼ ਬਹੁਤ ਜ਼ਿਆਦਾ ਵਿਅਕਤੀਗਤ ਹੁੰਦੇ ਹਨ ਅਤੇ ਕਈ ਵਾਰ ਇਸਨੂੰ ਇੱਕ ਵੱਡੀ ਆਬਾਦੀ ਦੇ ਨਤੀਜੇ ਲਈ ਮਿਸਾਲ ਵਜੋਂ ਪੇਸ਼ ਕਰਨਾ ਮੁਸ਼ਕਲ ਹੁੰਦਾ ਹੈ।

10. **ਪੋਰਟਫੋਲੀਓ** (Portfolio): ਪੋਰਟਫੋਲੀਓ ਹੁਨਰ, ਗਿਆਨ, ਰਵੱਈਏ ਅਤੇ ਪ੍ਰਾਪਤੀਆਂ ਦੇ ਪ੍ਰਦਰਸ਼ਨ ਦੇ ਦਸਤਾਵੇਜਾਂ ਦਾ ਸੰਗ੍ਰਹਿ ਹੈ।ਪੋਰਟਫੋਲੀਓ ਨੂੰ ਨਿੱਜੀ ਵਿਕਾਸ ਸਾਧਨ ਜਾਂ ਮੁਲਾਂਕਣ ਸਾਧਨ ਵਜੋਂ ਵਰਤਿਆ ਜਾ ਸਕਦਾ ਹੈ। ਇਹ ਸਵੈ-ਨਿਯਮ, ਲਿਖਤ ਅਤੇ ਆਲੋਚਨਾਤਮਕ ਪ੍ਰਤੀਬਿੰਬ ਦੇ ਪੱਧਰ 'ਤੇ ਨਿਰਭਰ ਕਰਦਾ ਹੈ।

ਪੋਰਟਫੋਲੀਓ ਉਹਨਾਂ ਦੀ ਦਿੱਖ, ਸ਼ੈਲੀ ਜਾਂ ਪੇਸ਼ਕਾਰੀ ਵਿੱਚ ਵੱਖਰੇ ਹੋ ਸਕਦੇ ਹਨ, ਇੱਕ ਆਦਰਸ਼ ਵਿਦਿਆਰਥੀ ਪੋਰਟਫੋਲੀਓ ਵਿੱਚ ਤਿੰਨ ਜ਼ਰੂਰੀ ਗੁਣ ਸ਼ਾਮਲ ਹੋਣੇ ਚਾਹੀਦੇ ਹਨ:

i. ਇਹ ਹਰੇਕ ਵਿਦਿਆਰਥੀ ਦੁਆਰਾ ਤਿਆਰ ਕੀਤੇ ਗਏ ਕੰਮ ਦਾ ਸੰਗ੍ਰਹਿ ਹੋਣਾ ਚਾਹੀਦਾ ਹੈ।

ii. ਸੰਗ੍ਰਹਿ ਨੂੰ ਇੱਕ ਉਦੇਸ਼ ਨੂੰ ਧਿਆਨ ਵਿੱਚ ਰੱਖ ਕੇ ਚੁਣਿਆ ਜਾਣਾ ਚਾਹੀਦਾ ਹੈ, ਨਾ ਕਿ ਸਿਰਫ਼ ਬੇਤਰਤੀਬੇ ਤੌਰ 'ਤੇ ਚੁਣਿਆ ਗਿਆ ਹੋਵੇ।

iii. ਕੰਮ ਦੇ ਹਰੇਕ ਹਿੱਸੇ ਦੇ ਨਾਲ ਇੱਕ ਪ੍ਰਤੀਬਿੰਬ ਸ਼ੀਟ ਹੋਣੀ ਚਾਹੀਦੀ ਹੈ ਜਿਸ 'ਤੇ ਵਿਦਿਆਰਥੀ ਉਸ ਖੰਡ ਨੂੰ ਉਸਦੇ ਪੋਰਟਫੋਲੀਓ ਵਿੱਚ ਸ਼ਾਮਲ ਕਰਨ ਦੇ ਕਾਰਨ ਦਾ ਵਰਣਨ ਕਰਦਾ ਹੈ।

11. **ਪੀਅਰ ਮੁਲਾਂਕਣ** (Peer Assessment): ਪੀਅਰ ਮੁਲਾਂਕਣ ਇੱਕ ਪ੍ਰਦਰਸ਼ਨ ਮੁਲਾਂਕਣ ਵਿਧੀ ਹੈ ਜੋ ਸਮਾਨ ਸਥਿਤੀਆਂ ਦੇ ਵਿਅਕਤੀਆਂ ਦੇ ਵਿਚਕਾਰ ਅਮਲ ਵਿੱਚ ਲਿਆਈ ਜਾਂਦੀ ਹੈ। ਇਸ ਵਿੱਚ ਵਿਦਿਆਰਥੀ ਆਪਣੇ ਅਧਿਆਪਕ ਦੀ ਅਗਵਾਈ ਹੇਠ ਇੱਕ ਦੂਜੇ ਦੀ ਗਤੀਵਿਧੀ ਅਤੇ ਕਾਰਜਕੁਸ਼ਲਤਾ ਦਾ ਉਦੇਸ਼ਪੂਰਣ ਮੁਲਾਂਕਣ ਕਰਦੇ ਹਨ। ਪੀਅਰ ਮੁਲਾਂਕਣ ਆਮ ਤੌਰ 'ਤੇ ਵਿਦਿਆਰਥੀਆਂ ਨੂੰ ਆਪਣਾ ਅਤੇ ਆਪਣੇ ਸਾਥੀਆਂ ਦੇ ਪ੍ਰਦਰਸ਼ਨ ਅਤੇ ਆਪਣਾ ਤੇ ਉਹਨਾਂ ਦੋਵਾਂ ਦਾ ਆਲੋਚਨਾਤਮਕ ਅਤੇ ਉਦੇਸ਼ਪੂਰਨ ਮੁਲਾਂਕਣ ਕਿਵੇਂ ਕਰਨਾ ਹੈ, ਸਿਖਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੁੰਦਾ ਹੈ। ਇਸ ਕਿਸਮ ਦੇ ਮੁਲਾਂਕਣ ਅਕਾਦਮਿਕ ਅਤੇ ਖੋਜ ਪ੍ਰਬੰਧਾਂ ਵਿੱਚ ਆਮ ਹਨ ਅਤੇ ਵਿਅਕਤੀ ਦੁਆਰਾ ਆਪਣੇ ਕੰਮ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਸਕਦੇ ਹਨ।

11. **ਸਮੱਸਿਆ ਹੱਲ ਕਰਨਾ** (Problem Solving): ਸਮੱਸਿਆ ਹੱਲ ਕਰਨ ਦੇ ਢੰਗ ਵਿੱਚ, ਬੱਚੇ ਸਮੱਸਿਆਵਾਂ 'ਤੇ ਕੰਮ ਕਰਕੇ ਸਿੱਖਦੇ ਹਨ। ਇਹ ਵਿਦਿਆਰਥੀਆਂ ਨੂੰ ਹੱਲ ਕੀਤੀਆਂ ਜਾਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਕਰਕੇ ਨਵਾਂ ਗਿਆਨ ਸਿੱਖਣ ਲਈ ਯੋਗ ਬਣਾਉਂਦਾ ਹੈ ।ਵਿਦਿਆਰਥੀਆਂ ਤੋਂ ਨਿਰੀਖਣ ਕਰਨ , ਸਮਝਣ , ਵਿਸ਼ਲੇਸ਼ਣ ਕਰਨ , ਹੱਲ ਲੱਭਣ , ਅਤੇ ਉਹਨਾਂ ਪ੍ਰਯੋਗਾਂ ਨੂੰ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਹੈ।ਇਹ ਵਿਧੀ ਵਿਗਿਆਨਕ ਪ੍ਰਕਿਰਿਆ ਦੇ ਹੁਨਰ ਨੂੰ ਵਿਕਸਤ ਕਰਦੀ ਹੈ।

ਯੋਗਤਾਪਰਕ ਅਧਾਰਤ ਮੁਲਾਂਕਣ ਲਈ ਜ਼ਰੂਰੀ ਚਰਨ :-

i. ਯੋਗਤਾਵਾਂ ਦੀ ਪਛਾਣ ਕਰੋ: ਯੋਗਤਾਪਰਕ ਮੁਲਾਂਕਣ ਵਿੱਚ ਪਹਿਲਾ ਕਦਮ ਉਹਨਾਂ ਖਾਸ ਯੋਗਤਾਵਾਂ ਦੀ ਪਛਾਣ ਕਰਨਾ ਹੈ ਜਿਹਨਾਂ ਦੀ ਵਿਦਿਆਰਥੀਆਂ ਤੋਂ ਉਹਨਾਂ ਦੇ ਸਿੱਖਣ ਪ੍ਰੋਗਰਾਮ ਦੇ ਹਿੱਸੇ ਵਜੋਂ ਮਾਹਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਵਿੱਚ ਪਾਠਕ੍ਰਮ ਦਾ ਵਿਸ਼ਲੇਸ਼ਣ ਕਰਨਾ ਅਤੇ ਗਿਆਨ, ਹੁਨਰ, ਯੋਗਤਾਵਾਂ ਦੀ ਪਛਾਣ ਕਰਨਾ ਸ਼ਾਮਲ ਹੋ ਸਕਦਾ ਹੈ,ਜੋ ਕਿਸੇ ਖਾਸ ਖੇਤਰ ਜਾਂ ਪੇਸ਼ੇ ਵਿੱਚ ਸਫਲਤਾ ਲਈ ਲੋੜੀਂਦੀਆਂ ਹਨ।

ii. ਮੁਲਾਂਕਣ ਮਾਪਦੰਡ ਵਿਕਸਿਤ ਕਰੋ: ਇੱਕ ਵਾਰ ਯੋਗਤਾਵਾਂ ਦੀ ਪਛਾਣ ਹੋ ਜਾਣ ਤੋਂ ਬਾਅਦ, ਅਗਲਾ ਕਦਮ ਮੁਲਾਂਕਣ ਮਾਪਦੰਡ ਵਿਕਸਿਤ ਕਰਨਾ ਹੈ ਜੋ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਉਹਨਾਂ ਯੋਗਤਾਵਾਂ ਦੇ ਵਿਰੁੱਧ ਮਾਪਣ ਲਈ ਵਰਤੇ ਜਾਣਗੇ।

ਇਸ ਵਿੱਚ ਰੁਬਰਿਕਸ, ਚੈਕਲਿਸਟਾਂ, ਜਾਂ ਹੋਰ ਸਕੋਰਿੰਗ ਸੰਦ ਬਣਾਉਣਾ ਸ਼ਾਮਲ ਹੋ ਸਕਦਾ ਹੈ ਜੋ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕਰਦੇ ਹਨ ਕਿ ਵਿਦਿਆਰਥੀਆਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ।

1. ਪ੍ਰਮਾਣ ਇਕੱਠੇ ਕਰੋ: ਅਗਲਾ ਕਦਮ ਪ੍ਰਮਾਣ ਇਕੱਠੇ ਕਰਨਾ ਹੈ ਜੋ ਵਿਦਿਆਰਥੀਆਂ ਨੂੰ ਪਛਾਣੀਆਂ ਗਈਆਂ ਯੋਗਤਾਵਾਂ ਦੇ ਵਿਰੁੱਧ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ। ਇਸ ਵਿੱਚ ਵੱਖ-ਵੱਖ ਮੁਲਾਂਕਣ ਵਿਧੀਆਂ ਜਿਵੇਂ ਕਿ ਟੈਸਟ, ਪ੍ਰੋਜੈਕਟ, ਪ੍ਰਸਤੁਤੀਆਂ ਜਾਂ ਪੋਰਟਫੋਲੀਓ ਸ਼ਾਮਲ ਹੋ ਸਕਦਾ ਹੈ।
2. ਪ੍ਰਾਪਤੀਆਂ ਦਾ ਮੁਲਾਂਕਣ: ਇੱਕ ਵਾਰ ਪ੍ਰਮਾਣ ਇਕੱਠੇ ਕੀਤੇ ਜਾਣ ਤੋਂ ਬਾਅਦ, ਮੁਲਾਂਕਣ ਮਾਪਦੰਡ ਦੇ ਆਧਾਰ 'ਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਸ ਵਿੱਚ ਵਿਦਿਆਰਥੀਆਂ ਦੀ ਯੋਗਤਾ ਦੇ ਪੱਧਰ ਨੂੰ ਦਰਸਾਉਂਦੇ ਹੋਏ ਸਕੋਰ, ਗ੍ਰੇਡ, ਜਾਂ ਹੋਰ ਰੇਟਿੰਗ ਨਿਰਧਾਰਤ ਕਰਨਾ ਸ਼ਾਮਲ ਹੋ ਸਕਦਾ ਹੈ।
3. ਫੀਡਬੈਕ ਪ੍ਰਦਾਨ ਕਰਨਾ: ਅੰਤ ਵਿੱਚ, ਵਿਦਿਆਰਥੀਆਂ ਨੂੰ ਉਹਨਾਂ ਦੇ ਪ੍ਰਦਰਸ਼ਨ ਬਾਰੇ, ਉਹਨਾਂ ਖੇਤਰਾਂ ਸਮੇਤ ਜਿੱਥੇ ਉਹਨਾਂ ਨੇ ਯੋਗਤਾ ਦਾ ਪ੍ਰਦਰਸ਼ਨ ਕੀਤਾ ਅਤੇ ਉਹਨਾਂ ਖੇਤਰਾਂ ਵਿੱਚ ਜਿੱਥੇ ਉਹਨਾਂ ਨੂੰ ਸੁਧਾਰ ਦੀ ਹੋਰ ਲੋੜ ਹੈ, ਫੀਡਬੈਕ ਪ੍ਰਦਾਨ ਕੀਤੀ ਜਾਂਦੀ ਹੈ। ਇਸ ਫੀਡਬੈਕ ਦੀ ਵਰਤੋਂ ਭਵਿੱਖ ਦੇ ਸਿੱਖਣ ਅਤੇ ਵਿਕਾਸ ਦੀ ਅਗਵਾਈ ਕਰਨ ਅਤੇ ਸਮੇਂ ਦੇ ਨਾਲ ਵਿਦਿਆਰਥੀ ਦੀ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ ਲਈ ਕੀਤੀ ਜਾਂਦੀ ਹੈ।

## ਸਿੱਟਾ

ਅਧਿਆਪਕਾਂ ਲਈ, ਯੋਗਤਾਪਰਕ ਮੁਲਾਂਕਣ ਪਾਠਕ੍ਰਮ ਵਿੱਚ ਡੂੰਘਾਈ ਅਤੇ ਅਹਮਿਅਤ ਲਿਆਉਂਦਾ ਹੈ। ਅੱਖਰਾਂ ਅਤੇ ਪ੍ਰਤੀਸ਼ਤ ਤੋਂ ਧਿਆਨ ਦੂਰ ਹਟਾ ਕੇ, ਵਿਦਿਆਰਥੀ ਚਿਰ ਸਥਾਈ ਵਿਕਾਸ ਵਿੱਚ ਵਧੇਰੇ ਸ਼ਾਮਲ ਹੋ ਜਾਂਦੇ ਹਨ ਅਤੇ ਸਿੱਖਣ ਪ੍ਰਕਿਰਿਆ ਵਿੱਚ ਰੁੱਝ ਕੇ ਅਤੇ ਜੋਖਮ ਲੈਣ ਲਈ ਵਧੇਰੇ ਯੋਗ ਹੁੰਦੇ ਹਨ। ਗੈਰ ਪਰਿਭਾਸ਼ਿਤ ਯੋਗਤਾਵਾਂ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਸ਼੍ਰੇਣੀਬੱਧ ਕਰਨਾ ਅਤੇ ਫਿਰ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਯੋਗਦਾਨ ਦਾ ਪਤਾ ਲਗਾਉਣ ਲਈ ਉਸ ਰੈਂਕ ਦੀ ਵਰਤੋਂ ਕਰਨਾ, ਪ੍ਰਾਚੀਨ ਸਮੇਂ ਲਈ ਸਭ ਤੋਂ ਵਧੀਆ ਕੱਢਿਆ ਗਿਆ ਅਭਿਆਸ ਹੈ। ਯੋਗਤਾਪਰਕ ਮੁਲਾਂਕਣ ਵਧੇਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਬਿਹਤਰ ਨਿਰਧਾਰਿਤ ਸਿੱਖਿਆ ਅਤੇ ਸੰਬੰਧਤ ਸਾਰੀਆਂ ਧਿਰਾਂ ਨੂੰ ਸਿੱਖਣ ਲਈ ਉਤਸ਼ਾਹਿਤ ਕਰਦਾ ਹੈ।

ਯੋਗਤਾਪਰਕ ਮੁਲਾਂਕਣ ਇੱਕ ਨਿਰੰਤਰ ਪ੍ਰਕਿਰਿਆ ਹੈ ਜਿਸ ਵਿੱਚ ਗਿਆਨ ਅਤੇ ਹੁਨਰ ਨਿਰੰਤਰ ਬਣਦੇ ਹਨ। ਇਹ ਅੱਜ ਦੇ ਤੇਜ਼ ਰਫ਼ਤਾਰ ਗਤੀਸ਼ੀਲ ਸੰਸਾਰ ਵਿੱਚ ਖਾਸ ਤੌਰ 'ਤੇ ਮਹੱਤਵਪੂਰਨ ਹੈ। ਵਰਤਮਾਨ ਸਮਰੱਥਾਵਾਂ ਨੂੰ ਸਮਝਣਾ ਅਤੇ ਨਵੀਆਂ ਸਮਰੱਥਾਵਾਂ ਨੂੰ ਵਿਕਸਿਤ ਕਰਨਾ, ਚੁਣੌਤੀਆਂ ਤੋਂ ਅੱਗੇ ਰਹਿਣ ਲਈ ਮਹੱਤਵਪੂਰਨ ਹੈ। ਪਰ ਇਹ ਸਿਰਫ਼ ਨਵੇਂ ਹੁਨਰ ਨਹੀਂ ਹਨ ਜਿਨ੍ਹਾਂ ਨੂੰ ਵਿਕਸਤ ਕਰਨ ਦੀ ਲੋੜ ਹੈ। ਯੋਗਤਾ ਦੇ ਪੱਧਰ ਨੂੰ ਪਰਿਭਾਸ਼ਿਤ ਕਰਨ ਲਈ ਮਹਾਰਤ ਦੇ ਵੱਖ-ਵੱਖ ਪੜਾਅ ਵਰਤੇ ਜਾ ਸਕਦੇ ਹਨ। ਇਹ ਵਿਅਕਤੀਆਂ ਲਈ ਲਾਭਦਾਇਕ ਹੈ ਕਿਉਂਕਿ ਉਹ ਕੈਰੀਅਰ ਵਿੱਚ ਸਿਖਾਂਦਰੂ ਤੋਂ ਮਾਹਿਰ ਤਕ ਦੀ ਤਰੱਕੀ ਕਰਦੇ ਹਨ। ਸੰਸਥਾਵਾਂ ਲਈ, ਯੋਗਤਾਪਰਕ ਮੁਲਾਂਕਣ ਉਤਰਾਧਿਕਾਰੀ ਯੋਜਨਾ ਪ੍ਰਕਿਰਿਆ ਲਈ ਇੱਕ ਵਧੀਆ ਨੀਂਹ ਪ੍ਰਦਾਨ ਕਰ ਸਕਦਾ ਹੈ।

https://www.cmu.edu/teaching/designteach/teach/rubrics.html

https://www.ncfe.ac.in/Assessm_Portfolios.pdf

https://teaching.cornell.edu/teaching-resources/assessment-evaluation/self-assessment

https://www.indeed.com/career-advice/career-development/what-is-peer-assessment

https://www.learnalberta.ca/content/mewa/html/assessment/checklists.html

https://www.rajeevelt.com/anecdotal-records/rajeev-ranjan/

◆◆◆◆◆

# 3. ਆਂਤਰਿਕ ਮੁਲਾਂਕਣ (XI - XII)


– ਤੇਜਿੰਦਰ ਕੌਰ

### ਜਾਣ-ਪਛਾਣ

ਇੱਕ ਅਕਾਦਮਿਕ ਸੈਸ਼ਨ ਵਿੱਚ ਸਾਲ ਦੇ ਅੰਤ ਵਿੱਚ ਇੱਕ ਵਾਰੀ ਕੀਤੀ ਜਾਣ ਵਾਲੀ ਪ੍ਰੀਖਿਆ ਆਂਤਰਿਕ ਮੁਲਾਂਕਣ ਹੈ। ਇਹ ਪ੍ਰੀਖਿਆ ਵਿਦਿਆਰਥੀਆਂ ਦਾ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਢੰਗਾਂ ਨਾਲ ਮੁਲਾਂਕਣ ਕਰਦੀ ਹੈ ਅਤੇ ਪਾਠਕ੍ਰਮ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਵੀ ਜਾਂਚ ਕਰਦੀ ਹੈ। ਇਹ ਇੱਕ ਨਿਰੰਤਰ ਅਤੇ ਵਿਆਪਕ ਪ੍ਰਕਿਰਿਆ ਹੈ ਜੋ ਅਧਿਆਪਕ ਦੁਆਰਾ ਅਪਣਾਏ ਜਾ ਰਹੇ ਇੱਕ ਅਕਰਮਕ ਪਰ ਸਲਾਹਕਾਰ ਭੂਮਿਕਾ ਵਾਲੇ ਅਤੇ ਵਿਦਿਆਰਥੀ ਦੁਆਰਾ ਇੱਕ ਸਰਗਰਮ ਭਾਗੀਦਾਰੀ ਦੁਆਰਾ ਸਿੱਖਣ ਦੀ ਪ੍ਰਕਿਰਿਆ ਨੂੰ ਉਤਸਾਹਿਤ ਕਰਨ ਅਤੇ ਸੁਵਿਧਾ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਪਾਠਕ੍ਰਮ ਵਿਕਾਸ ਸਮੇਂ ਹੀ ਆਂਤਰਿਕ ਮੁਲਾਂਕਣ ਦੀ ਯੋਜਨਾ ਬਣਾਈ ਜਾਂਦੀ ਹੈ। ਇਹ ( I.A.) ਵਿਦਿਆਰਥੀਆਂ ਦੀ ਯੋਗਤਾਵਾਂ ਅਤੇ ਹੁਨਰਾਂ ਰਾਹੀਂ ਸਿੱਖਣ-ਨਤੀਜੇ (Learning outcomes) ਦੀ ਮੰਗ ਕਰਦਾ ਹੈ।

### ਸੀ.ਬੀ.ਐੱਸ.ਈ. ਵੱਲੋਂ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਲਈ ਆਂਤਰਿਕ ਮੁਲਾਂਕਣ –





| ਪ੍ਰੋਜੈਕਟ<br>10 ਅੰਕ | ਸੁਣਨ, ਬੋਲਣ 'ਤੇ ਅਧਾਰਿਤ<br>5 ਅੰਕ | ਲਿਖਤੀ<br>5 ਅੰਕ |
|---|---|---|

### ਉਦੇਸ਼


ਆਂਤਰਿਕ ਮੁਲਾਂਕਣ ਦਾ ਮੁੱਖ ਉਦੇਸ਼ ਅਧਿਆਪਨ ਅਤੇ ਮੁਲਾਂਕਣ ਨੂੰ ਏਕੀਕ੍ਰਿਤ ਕਰਨਾ ਅਤੇ ਉਹਨਾਂ ਹੁਨਰਾਂ ਅਤੇ ਯੋਗਤਾਵਾਂ ਦੀ ਪਰਖ ਕਰਨਾ ਹੈ ਜਿਨ੍ਹਾਂ ਦੀ ਲਿਖਤੀ ਪ੍ਰੀਖਿਆ ਦੁਆਰਾ ਪਰਖ ਨਹੀਂ ਕੀਤੀ ਜਾ ਸਕਦੀ। ਜਿਵੇਂ –

* ਸਵੈ-ਪ੍ਰਗਟਾਵਾ।
* ਦੂਜਿਆਂ ਨੂੰ ਸਮਝ ਸਕਣ ਦੀ ਸ਼ਕਤੀ ਦਾ ਵਿਕਾਸ ਕਰਨਾ।
* ਜਾਣਕਾਰੀ ਵਿੱਚ ਵਾਧਾ ਕਰਨਾ।
* ਗੁਣਕਾਰੀ ਪੜ੍ਹਨ-ਰੁਚੀਆਂ ਪੈਦਾ ਕਰਨਾ।
* ਭਾਸ਼ਾ-ਯੋਗਤਾ ਵਿੱਚ ਵਾਧਾ ਕਰਨਾ।
* ਵਿਦਿਆਰਥੀਆਂ ਅੰਦਰ ਸੁਹਜ- ਸੁਆਦ ਪੈਦਾ ਕਰਨਾ।
* ਸੋਚਣ-ਵਿਚਾਰਨ ਦੀ ਸ਼ਕਤੀ ਵਿੱਚ ਵਾਧਾ ਕਰਨਾ।

* ਸ਼ਬਦ-ਭੰਡਾਰ ਵਿੱਚ ਵਾਧਾ।
* ਰਚਨਾਤਮਕ ਰੁਚੀਆਂ ਨੂੰ ਪ੍ਰਫੁਲਿਤ ਕਰਨਾ।
* ਭਾਸ਼ਾ ਦੀ ਸਿਰਜਣਾਤਮਕ ਬਾਰੀਕੀਆਂ ਅਤੇ ਵਿਹਾਰਕ ਵਰਤੋਂ ਦਾ ਗਿਆਨ ਕਰਾਉਣਾ।
* ਸਮੇਂ ਅਤੇ ਸੰਦਰਭ ਅਨੁਸਾਰ ਪ੍ਰਭਾਵਸ਼ਾਲੀ ਢੰਗ ਨਾਲ ਉਸਦੀ ਮੌਖਿਕ ਅਤੇ ਲਿਖਤ ਪੇਸ਼ਕਾਰੀ ਕਰਨਾ।
* ਭਾਸ਼ਾ ਦੀ ਪ੍ਰਭਾਵਸ਼ਾਲੀ ਸਮਰੱਥਾ ਦੀ ਵਰਤੋਂ ਕਰਦੇ ਹੋਏ ਹਰ ਪ੍ਰਕਾਰ ਦੀ ਵਿਭਿੰਨਤਾ (ਧਰਮ, ਜਾਤ, ਲਿੰਗ, ਵਰਗ, ਭਾਸ਼ਾ ਆਦਿ) ਦੇ ਪ੍ਰਤੀ ਸਕਾਰਾਤਮਕ ਅਤੇ ਸੰਵੇਦਨਸ਼ੀਲ ਵਿਹਾਰ ਦਾ ਵਿਕਾਸ ਕਰਨਾ।
* ਸੰਚਾਰ-ਮਾਧਿਅਮਾਂ (ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ) ਵਿੱਚ ਵਰਤੀ ਜਾਂਦੀ ਪੰਜਾਬੀ ਭਾਸ਼ਾ ਨਾਲ ਜਾਣੂ ਕਰਾਉਣਾ ਅਤੇ ਨਵੀਆਂ ਵਿਧੀਆਂ ਦੀ ਵਰਤੋਂ ਦੀ ਸਮਰੱਥਾ ਦਾ ਵਿਕਾਸ ਕਰਨਾ।
* ਵਿਪਰੀਤ ਪਰਿਸਥਿਤੀਆਂ ਵਿੱਚ ਵੀ ਭਾਸ਼ਾ ਦੀ ਵਰਤੋਂ ਸ਼ਾਂਤੀ ਨਾਲ ਕਰਨਾ।
* ਕਲਪਨਾਸ਼ੀਲਤਾ ਅਤੇ ਮੌਲਿਕ ਚਿੰਤਨ ਲਈ ਭਾਸ਼ਾ ਦੀ ਵਰਤੋਂ ਕਰਨਾ।

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

ਭਾਸ਼ਾ ਦੇ ਚਾਰ ਕੌਸ਼ਲ ਮੰਨੇ ਗਏ ਹਨ —




ਇਹਨਾਂ ਚਹੁੰ ਕੌਸ਼ਲਾਂ ਦਾ ਆਪੋ ਵਿੱਚ ਨੇੜਲਾ ਸੰਬੰਧ ਹੈ ਅਤੇ ਇੱਕ ਦਾ ਕਾਰਜ ਦੂਜੇ ਉੱਤੇ ਨਾ ਕੇਵਲ ਅਧਾਰਿਤ ਹੀ ਹੈ ਸਗੋਂ ਇਹ ਆਪਸ ਵਿੱਚ ਇੱਕ-ਦੂਜੇ ਦੀ ਸਹਾਇਤਾ ਵੀ ਕਰਦੇ ਹਨ।

ਭਾਸ਼ਾ ਵਿੱਚ ਪਾਠਕ੍ਰਮ, ਪ੍ਰਭਾਵਸ਼ਾਲੀ ਸੰਚਾਰੀ ਮੁਹਾਰਤ ਨੂੰ ਵਿਕਸਿਤ ਕਰਨ ਲਈ ਸੁਣਨ, ਬੋਲਣ, ਪੜ੍ਹਨ ਅਤੇ ਲਿਖਣ ਦੇ ਹੁਨਰਾਂ 'ਤੇ ਕੇਂਦਰਿਤ ਕਰਦਾ ਹੈ ਕਿਉਂਕਿ ਸਿਖਿਆਰਥੀ ਵਿਚਾਰਾਂ ਨੂੰ ਸਮਝਣ, ਗ੍ਰਹਿਣ (ਪ੍ਰਾਪਤ) ਕਰਨ ਅਤੇ ਸੰਚਾਰ ਕਰਨ ਲਈ ਭਾਸ਼ਾ ਦੀ ਵਰਤੋਂ ਕਰਦੇ ਹਨ।

ਅਧਿਆਪਕ ਦੁਆਰਾ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ ਦੇ ਆਂਤਰਿਕ ਮੁਲਾਂਕਣ ਦੀ ਬੁਨਿਆਦੀ ਸਮਝ ਜਾਣਨ ਲਈ ਪਿਛਲੀਆਂ ਜਮਾਤਾਂ ਦੇ ਆਧਾਰ 'ਤੇ ਮਾਪਨ (ਮੈਪਿੰਗ) (mapping) ਕੀਤਾ ਜਾਵੇਗਾ -




ਸੀ.ਬੀ.ਐੱਸ.ਈ. ਨੇ ਜਮਾਤ ਗਿਆਰ੍ਹਵੀਂ ਅਤੇ ਬਾਰ੍ਹਵੀਂ ਵਿੱਚ ਅੰਕਾਂ ਦੇ ਆਂਤਰਿਕ ਮੁਲਾਂਕਣ ਨਾਲ ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖ਼ਸੀਅਤ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। ਇਹ ਆਂਤਰਿਕ ਮੁਲਾਂਕਣ ਪ੍ਰੋਜੈਕਟ, ਬੋਲਣ, ਸੁਣਨ ਅਤੇ ਲਿਖਣ ਗਤੀਵਿਧੀਆਂ 'ਤੇ ਅਧਾਰਿਤ ਹੈ।

**ਆਂਤਰਿਕ ਮੁਲਾਂਕਣ ਲਈ ਅਧਿਆਪਨ-ਵਿਧੀ ਇੰਞ ਹੋਣੀ ਚਾਹੀਦੀ ਹੈ:**

* ਜਮਾਤ ਵਿੱਚ ਸੁਖਾਂਵਾਂ ਅਤੇ ਉਚਿਤ ਵਾਤਾਵਰਨ ਬਣਾਉਣ ਵਿੱਚ ਅਧਿਆਪਕ ਦੀ ਭੂਮਿਕਾ ਹਮੇਸ਼ਾ ਵਿਸ਼ੇਸ਼ ਰਹਿਣੀ ਚਾਹੀਦੀ ਹੈ।
* ਵਿਦਿਆਰਥੀਆਂ ਨੂੰ ਸੁਤੰਤਰ ਰੂਪ ਵਿੱਚ ਬੋਲਣ, ਲਿਖਣ ਅਤੇ ਪੜ੍ਹਨ ਦਿੱਤਾ ਜਾਵੇ ਤਾਂ ਜੋ ਅਧਿਆਪਕ ਉਹਨਾਂ ਵੱਲੋਂ ਹੋਣ ਵਾਲੀ ਸੁਭਾਵਿਕ ਗ਼ਲਤੀਆਂ ਨੂੰ ਸੋਧ ਸਕੇ।
* ਅਜਿਹੀ ਸਿੱਖਿਆ-ਵਿਧੀ ਅਪਣਾਈ ਜਾਵੇ ਕਿ ਹਰ ਵਿਦਿਆਰਥੀ ਦੀ ਭਾਗੀਦਾਰੀ ਹੋਏ।
* ਜਮਾਤ ਵਿੱਚ ਹਰ ਪ੍ਰਕਾਰ ਦੀ ਵਿਭਿੰਨਤਾ (ਧਰਮ, ਜਾਤ, ਲਿੰਗ, ਵਰਗ, ਭਾਸ਼ਾ, ਦਿਵਿਆਂਗ ਆਦਿ) ਦੇ ਪ੍ਰਤੀ ਸਕਾਰਾਤਮਕ ਅਤੇ ਸੰਵੇਦਨਸ਼ੀਲ ਵਾਤਾਵਰਨ ਦਾ ਨਿਰਮਾਣ ਹੋਣਾ ਚਾਹੀਦਾ ਹੈ।
* ਵਿਦਿਆਰਥੀ ਦੀ ਯੋਗਤਾ ਅਤੇ ਰੁਚੀ ਅਨੁਸਾਰ ਪ੍ਰੋਜੈਕਟ ਦਾ ਵਿਸ਼ਾ ਚੁਣਨ ਵਿੱਚ ਮਦਦ ਕਰਨਾ।
* ਸਿਰਜਣਾਤਮਕ ਅਭਿਆਸ ਲਈ ਸਮੇਂ-ਸਮੇਂ ਤੇ ਵਿਦਿਆਰਥੀਆਂ ਨੂੰ ਸੰਸਾਧਨ (ਪੁਸਤਕਾਲਾ, ਅਖ਼ਬਾਰ, ਇੰਟਰਨੈੱਟ ਸੁਵਿਧਾ ਆਦਿ) ਮੁੱਹਈਆ ਕਰਾਏ ਜਾਣੇ ਚਾਹੀਦੇ ਹਨ।
* ਅਧਿਆਪਕ ਹਰੇਕ ਪੱਖ ਤੋਂ ਵਿਦਿਆਰਥੀ ਨੂੰ ਪ੍ਰੋਜੈਕਟ ਨਾਲ ਸੰਬੰਧਤ ਸਲਾਹ ਦੇਣ ਦੇ ਨਾਲ-ਨਾਲ ਖੋਜ ਕਰਨ ਲਈ ਪ੍ਰੇਰਿਤ ਕਰੇਗਾ।

* ਅਧਿਆਪਕ ਪ੍ਰੋਜੈਕਟ ਦੇ ਕੰਮ ਦਾ ਸਮੇਂ-ਸਮੇਂ ਤੇ ਜਮਾਤ ਵਿੱਚ ਨਿਰੀਖਣ ਕਰੇਗਾ।
* ਸੁਣਨ, ਬੋਲਣ ਅਤੇ ਲਿਖਣ-ਕੌਸ਼ਲ ਨਾਲ ਸੰਬੰਧਤ ਗਤੀਵਿਧੀਆਂ ਕਰਾਉਣ ਵੇਲੇ ਅਧਿਆਪਕ ਕੁਝ ਸਮਾਂ ਪਹਿਲਾਂ ਮਿਤੀ ਨਿਰਧਾਰਿਤ ਕਰਕੇ ਵਿਦਿਆਰਥੀਆਂ ਨੂੰ ਸੂਚਿਤ ਕਰੇ ਤਾਂ ਜੋ ਹਰ ਵਿਦਿਆਰਥੀ ਭਾਗੀਦਾਰੀ ਲਈ ਤਿਆਰ ਰਹੇ।

**ਪ੍ਰੋਜੈਕਟ ਲਈ ਸੀ.ਬੀ.ਐੱਸ.ਈ. ਵੱਲੋ ਦਿਸ਼ਾ-ਨਿਰਦੇਸ਼ ਅਤੇ ਉਦੇਸ਼**

* ਵਿਦਿਆਰਥੀ ਨੂੰ ਬਹੁ-ਪੱਖੀ ਖੋਜ ਕਰਨ ਲਈ ਪ੍ਰਤਿਭਾਸ਼ਾਲੀ ਤੇ ਨਿਪੁੰਨ ਬਣਾਉਣਾ ਹੈ।
* ਅਧਿਆਪਕ ਨੇ ਵਿਦਿਆਰਥੀ ਨੂੰ ਪ੍ਰੋਜੈਕਟ ਬਣਾਉਣ ਲਈ ਮੌਕੇ ਮੁੱਹਈਆ ਕਰਾਉਣੇ ਹਨ। ਜਿਹਨਾਂ ਰਾਹੀਂ ਵਿਦਿਆਰਥੀ ਨੇ ਆਪਣੀ ਤੇ ਆਲੇ-ਦੁਆਲੇ ਦੀ ਜਾਣਕਾਰੀ ਦੇ ਨਾਲ-ਨਾਲ ਸ਼ਖ਼ਸੀਅਤ ਦਾ ਨਿਖਾਰ ਕਰਨਾ ਹੈ।
* ਵਿਦਿਆਰਥੀ ਨੂੰ ਪ੍ਰੋਜੈਕਟ ਰਾਹੀਂ ਦਲੀਲ ਭਰਪੂਰ ਤਕਨੀਕ ਤੋਂ ਜਾਣੂੰ ਕਰਾਉਣਾ ਹੈ।
* ਪ੍ਰੋਜੈਕਟ ਰਾਹੀਂ ਅਧਿਆਪਕ ਵਿਦਿਆਰਥੀਆਂ ਵਿਚ ਮੁਕਾਬਲੇ ਦੀ ਸਿਹਤਮੰਦ ਭਾਵਨਾ ਨੂੰ ਉਜਾਗਰ ਕਰੇਗਾ।
* ਵਿਦਿਆਰਥੀਆਂ ਦੀ ਸ਼ਖ਼ਸੀਅਤ ਨੂੰ ਬਹੁ-ਆਯਾਮੀ ਪੱਖ ਤੋਂ ਵਿਸ਼ਵ-ਵਿਆਪੀ ਬਣਾਉਣਾ ਹੈ।




ਪ੍ਰੋਜੈਕਟ ਸੰਬੰਧੀ ਸੰਭਾਵਨਾਵਾਂ ਬਾਰੇ ਸੇਧ

- ਜਾਣ-ਪਛਾਣ
- ਵਿਸ਼ੇ ਬਾਰੇ ਵਿਸਤਾਰ ਸਹਿਤ ਚਰਚਾ
- ਵਿਸ਼ੇ ਦੀ ਸਾਰਥਕਤਾ ਤੇ ਸੰਭਾਵਨਾਵਾਂ
- ਪ੍ਰੋਜੈਕਟ ਦਾ ਆਲੋਚਨਾਤਮਕ ਪੱਖ
- ਵਿਦਿਆਰਥੀ ਦੇ ਪ੍ਰੋਜੈਕਟ ਬਾਰੇ ਸੁਝਾਅ

**ਪ੍ਰੋਜੈਕਟ ਦਾ ਮੁਲਾਂਕਣ**
**10 ਅੰਕ**

| ਸਹੀ ਵਿਸ਼ਾ ਚੋਣ ਤੇ ਪੇਸ਼ਕਾਰੀ | ਖੋਜ ਭਰਪੂਰ ਵਿਆਖਿਆ | ਸ਼ਖ਼ਸੀਅਤ ਦਾ ਮੁਲਾਂਕਣ (VIVA) |
|---|---|---|
| 2 ਅੰਕ | 5 ਅੰਕ | 3 ਅੰਕ |

## ਸੁਝਾਏ ਗਏ ਪ੍ਰੋਜੈਕਟ (ਗਿਆਰ੍ਹਵੀਂ ਜਮਾਤ)

1. ਸੱਭਿਆਚਾਰਕ ਗਤੀਵਿਧੀਆਂ (ਲੋਕ ਨਾਚ, ਲੋਕ ਗੀਤ, ਲੋਕ ਬੋਲੀਆਂ)
2. ਪੁਸਤਕ ਸਮੀਖਿਆ
3. ਸਲੋਗਨ ਲੇਖਣ
4. ਪੇਂਡੂ ਅਤੇ ਸ਼ਹਿਰੀ ਜੀਵਨ
5. ਸਮਾਜਕ ਕੁਰੀਤੀਆਂ (ਦਾਜ, ਭਰੂਣ-ਹੱਤਿਆ, ਨਸ਼ੇ)
6. ਮਾਂ-ਬੋਲੀ (ਮਹੱਤਤਾ ਤੇ ਪ੍ਰਚਾਰ-ਪ੍ਰਸਾਰ )
7. ਪੰਜਾਬੀ ਪਹਿਰਾਵਾ
8. ਪੰਜਾਬੀ ਰਹਿਣ-ਸਹਿਣ
9. ਪੰਜਾਬੀ ਹਾਰ-ਸ਼ਿੰਗਾਰ
10. ਵਿਰਾਸਤੀ-ਖੇਡਾਂ
11. ਕਰੋਨਾ-ਕਾਲ ਸਮੇਂ ਮੇਲੇ ਤੇ ਤਿਉਹਾਰ
12. ਕਰੋਨਾ-ਕਾਲ ਸਮੇਂ ਵਿਆਹ ਤੇ ਹੋਰ ਸਮਾਗਮ

## ਸੁਝਾਏ ਗਏ ਪ੍ਰੋਜੈਕਟ (ਬਾਰ੍ਹਵੀਂ ਜਮਾਤ)

1. ਖੁਰਾਕ (ਕਿਸੇ ਇੱਕ ਰਾਜ/ਪ੍ਰਦੇਸ਼ ਆਧਾਰਿਤ)
2. ਪੰਜਾਬ ਦੇ ਮੇਲੇ ਤੇ ਤਿਉਹਾਰ
3. ਬਜੁਰਗਾਂ ਦਾ ਘੱਟ ਰਿਹਾ ਸਤਿਕਾਰ (ਕਾਰਨ ਤੇ ਸੁਝਾਅ)
4. ਕਰੋਨਾ-ਕਾਲ ਸਮੇਂ ਪੇਂਡੂ ਤੇ ਸ਼ਹਿਰੀ ਜੀਵਨ ਦਾ ਅੰਤਰ
5. ਕਰੋਨਾ-ਕਾਲ ਸਮੇਂ ਆਨਲਾਈਨ ਪੜ੍ਹਾਈ
6. ਕਰੋਨਾ-ਕਾਲ ਸਮੇਂ ਉੱਭਰੀ ਲੋਕ-ਸੇਵਾ ਭਾਵਨਾ
7. ਕਰੋਨਾ-ਕਾਲ ਸਮੇਂ ਪ੍ਰਦੂਸ਼ਣ ਦੀ ਸਥਿਤੀ
8. ਕਰੋਨਾ-ਕਾਲ ਤੋਂ ਬਾਅਦ ਸਕੂਲਾਂ ਦੀ ਸਥਿਤੀ
9. ਵਿਦੇਸ਼ਾਂ ਵਿੱਚ ਜਾਣ ਦੀ ਹੋੜ (ਸ਼ੌਕ, ਮਜਬੂਰੀ ਜਾਂ ਸਮਾਜਿਕ ਰੁਤਬਾ)
10. ਸੋਸ਼ਲ-ਮੀਡੀਆ ਦਾ ਵੱਧ ਰਿਹਾ ਪ੍ਰਭਾਵ

11. ਵਿਗਿਆਨੀ (ਸਮਾਜ ਨੂੰ ਦੇਣ)
12. ਲੇਖ (ਸਾਹਿਤਕ ਦੇਣ)
13. ਮਹਾਂਪੁਰਸ਼ (ਜੀਵਨੀ ਤੇ ਉਪਦੇਸ਼)


**ਨੋਟ:** ਅਧਿਆਪਕ ਇਹਨਾਂ ਤੋਂ ਇਲਾਵਾ ਆਪਣੀ ਸੂਝ-ਬੂਝ ਤੇ ਇਲਾਕਾਈ ਜ਼ਰੂਰਤਾਂ/ਖਾਸੀਅਤਾਂ ਅਨੁਸਾਰ ਹੋਰ ਵਿਸ਼ੇ ਚੁਣ ਸਕਦੇ ਹਨ।

**ਸੁਣਨ, ਬੋਲਣ ਆਧਾਰਿਤ ਗਤੀਵਿਧੀ (05 ਅੰਕ)**




**'ਸੁਣਨ' ਆਧਾਰਿਤ ਗਤੀਵਿਧੀ ਲਈ ਸੁਝਾਅ** – ਭਾਸ਼ਾ-ਸਿੱਖਿਆ ਵਿੱਚ 'ਸੁਣਨ' (ਸੁਣਨ-ਕੌਸ਼ਲ) ਦੀ ਮੁਹਾਰਤ ਅਤਿਅੰਤ ਮਹੱਤਵਪੂਰਨ ਹੈ। 'ਸੁਣਨ' ਤੋਂ ਭਾਵ ਧਿਆਨ ਨਾਲ ਸੁਣ ਕੇ ਉਸਨੂੰ ਸਮਝਣਾ। ਜੇਕਰ ਕੋਈ ਵਿਅਕਤੀ ਕੁਝ ਸੁਣਦਾ ਹੈ ਪਰ ਉਸਨੂੰ ਸਮਝਦਾ ਨਹੀਂ ਤਾਂ ਇਸ ਕਿਰਿਆ ਨੂੰ ਸੁਣਨਾ ਨਹੀਂ ਕਿਹਾ ਜਾਏਗਾ। ਸੁਣਨ ਕਿਰਿਆ ਵਿੱਚ ਸਮਝਣ ਦੀ ਕਿਰਿਆ ਵੀ ਸਮਾਈ ਹੁੰਦੀ ਹੈ। ਇਸ ਲਈ ਇਸ ਗਤੀਵਿਧੀ ਅਧੀਨ ਵਿਦਿਆਰਥੀਆਂ ਦੀ ਸੁਣਨ ਅਤੇ ਸਮਝਣ ਦੀ ਸਮਰੱਥਾ ਦਾ ਮੁਲਾਂਕਣ ਕੀਤਾ ਜਾਵੇਗਾ।

ਅਧਿਆਪਕ ਜਮਾਤ ਵਿੱਚ ਕੋਈ ਪੈਰਾ, ਕਹਾਣੀ, ਘਟਨਾ (ਘੱਟੋ-ਘੱਟ 200 ਸ਼ਬਦ ) ਪੜ੍ਹੇਗਾ ਜਾਂ ਇਹਨਾਂ ਨਾਲ ਸੰਬੰਧਤ ਆਡੀਓ-ਕਲਿਪ (audio-clip) (2-3 ਮਿੰਟ) ਸੁਣਾਏਗਾ ਜੋ ਕਿ ਸਪਸ਼ਟ ਆਵਾਜ਼ ਵਿੱਚ ਹੋਣੀ ਚਾਹੀਦੀ ਹੈ।



ਇਸ ਪ੍ਰਕਿਰਿਆ ਤੋਂ ਬਾਅਦ ਉਸ ਵਿਚੋਂ ਮੌਖਿਕ ਪ੍ਰਸ਼ਨ ਪੁੱਛੇਗਾ ਜਿਸ ਦੇ ਜਵਾਬ ਵਿਦਿਆਰਥੀਆਂ ਨੇ ਮੌਖਿਕ ਹੀ ਦੇਣੇ ਹਨ। ਅਧਿਆਪਕ ਇਸ ਗੱਲ ਦਾ ਧਿਆਨ ਰੱਖੇਗਾ ਕਿ ਹਰ ਵਿਦਿਆਰਥੀ ਦੀ ਇਸ ਗਤੀਵਿਧੀ ਵਿੱਚ ਭਾਗੀਦਾਰੀ ਹੋਵੇ ਤਾਂ ਜੋ ਹਰ ਵਿਦਿਆਰਥੀ ਦਾ ਮੁਲਾਂਕਣ ਹੋ ਸਕੇ।


**'ਬੋਲਣ' ਆਧਾਰਿਤ ਗਤੀਵਿਧੀ ਲਈ ਸੁਝਾਅ –** ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਉਹ ਆਪਣੇ ਹਾਵਾਂ-ਭਾਵਾਂ ਦਾ ਪ੍ਰਗਟਾਅ ਬੋਲ ਕੇ ਮੌਖਿਕ ਭਾਸ਼ਾ ਵਿੱਚ ਹੀ ਕਰਦਾ ਹੈ। ਇਸ ਮੌਖਿਕ ਭਾਸ਼ਾ ਦਾ ਸਾਡੇ ਰੋਜ਼ਾਨਾ ਜੀਵਨ ਦਾ ਇੱਕ ਵਿਸ਼ੇਸ਼ ਅੰਗ ਹੈ। 'ਬੋਲਣਾ' ਭਾਸ਼ਾ-ਸਿੱਖਿਆ ਦਾ ਮੁੱਢਲਾ ਕਾਰਜ ਹੈ। ਭਾਸ਼ਾ ਨੂੰ ਬੋਲਣਾ ਸਿੱਖਣਾ ਹੀ ਉਸ ਭਾਸ਼ਾ ਨੂੰ ਪੜ੍ਹਨ ਤੇ ਲਿਖਣ ਦਾ ਸੌਖਾ ਜਿਹਾ ਰਾਹ ਹੈ।




ਅਧਿਆਪਕ ਗਤੀਵਿਧੀ ਅਨੁਸਾਰ ਮੁਲਾਂਕਣ ਬਿੰਦੂ ਨਿਸ਼ਚਿਤ ਕਰਕੇ ਵਿਦਿਆਰਥੀ ਦਾ ਮੁਲਾਂਕਣ ਕਰੇਗਾ। ਇਹਨਾਂ ਉਪਰੋਕਤ ਗਤੀਵਿਧੀਆਂ ਲਈ ਅਧਿਆਪਕ ਵਿਦਿਆਰਥੀਆਂ ਨੂੰ ਪਹਿਲਾਂ ਸੂਚਿਤ ਕਰੇਗਾ ਅਤੇ ਤਿਆਰੀ ਦਾ ਸਮਾਂ ਦੇਵੇਗਾ।

ਇਸ ਗਤੀਵਿਧੀ ਰਾਹੀਂ ਵਿਦਿਆਰਥੀ ਦੀ ਵਿਸ਼ੇ ਉੱਤੇ ਪਕੜ, ਉਚਾਰਨ ਅਤੇ ਪੇਸ਼ਕਾਰੀ ਦੀ ਪ੍ਰਤਿਭਾ ਦਾ ਮੁਲਾਂਕਣ ਕੀਤਾ ਜਾਵੇਗਾ।

**ਲਿਖਣ ਆਧਾਰਿਤ ਗਤੀਵਿਧੀ** (05 ਅੰਕ)



## ਲਿਖਣ ਕੌਸ਼ਲ ਕਲਾ ਨੂੰ ਸੁਧਾਰਨ ਦੇ ਨੁਕਤੇ

1. ਪੁਸਤਕਾਲਾ ਵਿਚ ਪਾਠ-ਕ੍ਰਮ ਤੋਂ ਇਲਾਵਾ ਕਿਤਾਬਾਂ, ਅਖਬਾਰ ਆਦਿ ਪੜ੍ਹਨਾ।
2. ਨਵੇਂ-ਨਵੇਂ ਸ਼ਬਦ ਸਿੱਖ ਕੇ ਆਪਣਾ ਸ਼ਬਦ-ਕੋਸ਼ ਤਿਆਰ ਕਰਦੇ ਰਹਿਣਾ।
3. ਕਿਸੇ ਵਿਸ਼ੇ 'ਤੇ ਛੋਟੇ-ਛੋਟੇ ਵਾਕ ਬਣਾ ਕੇ ਅਭਿਆਸ ਕਰਨਾ।
4. ਢੁੱਕਵੀਂ ਸ਼ਬਦਾਵਲੀ ਲਈ ਸ਼ਬਦ-ਕੋਸ਼ (Dictionary) ਦੀ ਵਰਤੋਂ ਕਰਨਾ।
5. ਆਪਣੀ ਲਿਖਤ ਦੀ ਪਰੂਫ ਰੀਡਿੰਗ ਕਰਨਾ।

ਕਿਸੇ ਵੀ ਭਾਸ਼ਾ ਨੂੰ ਚੰਗੀ ਤਰ੍ਹਾਂ ਸਿੱਖਣ ਵਾਸਤੇ ਉਸਨੂੰ ਪੜ੍ਹਨ ਦੇ ਨਾਲ-ਨਾਲ ਲਿਖਣਾ ਵੀ ਆਉਣਾ ਚਾਹੀਦਾ ਹੈ। ਅਜੋਕੇ ਸਮੇਂ ਵਿੱਚ ਮੌਖਿਕ ਪ੍ਰਗਟਾਅ ਦੇ ਨਾਲ-ਨਾਲ ਲਿਖਤੀ ਪ੍ਰਗਟਾਅ ਦੀ ਵੀ ਬੜੀ ਲੋੜ ਹੈ। ਲਿਖਣਾ ਸਵੈ- ਪ੍ਰਗਟਾਅ ਦਾ ਉੱਤਮ ਤੇ ਸੌਖਾ ਸਾਧਨ ਹੈ। ਬੌਧਿਕ ਵਿਕਾਸ ਲਈ ਲਿਖਣਾ ਬਹੁਤ ਜ਼ਰੂਰੀ ਹੈ। ਵਿਚਾਰ ਕਰਨ ਤੇ ਚਿੰਤਨ ਕਰਨ ਲਈ ਲਿਖਣ ਦਾ ਵਿਸ਼ੇਸ਼ ਮਹੱਤਵ ਹੈ।

**'ਬੋਲਣ' ਆਧਾਰਿਤ ਗਤੀਵਿਧੀ ਲਈ ਸੁਝਾਅ-** (ਕਿਸੇ ਇੱਕ ਵਿਸ਼ੇ 'ਤੇ 100-125 ਸ਼ਬਦਾਂ ਵਿੱਚ ਲਿਖਣਾ) -




ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਦੀ ਵਿਸ਼ੇ ਉੱਤੇ ਪਕੜ, ਸ਼ਬਦਾਵਲੀ, ਸ਼ਬਦ-ਜੋੜ ਆਦਿ ਨੂੰ ਧਿਆਨ ਵਿੱਚ ਰੱਖ ਕੇ ਮੁਲਾਂਕਣ ਕੀਤਾ ਜਾਵੇਗਾ।

### ਜਮਾਤ ਨੂੰ ਦਿਲਚਸਪ ਬਣਾਉਣ ਲਈ ਗਤੀਵਿਧੀ ਲਈ ਸੁਝਾਅ –

| | | |
|---|---|---|
| **ਸਮੂਹ**<br>TEAM | **ਜੋੜਾ**<br>PAIR | **ਵਿਅਕਤੀਗਤ**<br>SOLO |

**ਕੀ/ਕਿਵੇਂ:** ਕਿਸੇ ਵਿਸ਼ੇ ਤੇ ਸਮੂਹ ਵਿੱਚ ਚਰਚਾ ਕਰੋ। ਫਿਰ ਜੋੜਿਆਂ ਵਿੱਚ ਚਰਚਾ ਕਰੋ। ਅੰਤ ਵਿੱਚ ਵਿਅਕਤੀਗਤ ਤੌਰ 'ਤੇ ਕੰਮ ਕਰੋ।

**ਕਿਉਂ:** ਜਮਾਤੀ ਕੋਲੋਂ ਸਿੱਖਣ ਵਿੱਚ ਮੱਦਦ ਕਰਦਾ ਹੈ।
ਕਿਸੇ ਵਿਸ਼ੇ ਨੂੰ ਸਿੱਖਣ ਤੋਂ ਬਾਅਦ ਉਸਦਾ ਅਭਿਆਸ ਕਰਨ ਲਈ ਵਰਤਿਆ ਜਾਂਦਾ ਹੈ।
ਕਿਸੇ ਵਿਸ਼ੇ ਬਾਰੇ ਖੋਜ ਕਰਦੇ ਸਮੇਂ ਉਸ ਵਿਸ਼ੇ ਬਾਰੇ ਦ੍ਰਿਸ਼ਟੀਕੋਣ ਵਿਕਸਿਤ ਕਰਨ ਲਈ ਵਰਤਿਆ ਜਾਂਦਾ ਹੈ।

**ਕਦੋਂ:** ਜਮਾਤ ਦੇ ਸ਼ੁਰੂ ਵਿੱਚ, ਜਮਾਤ ਦੇ ਦੌਰਾਨ, ਦੁਹਰਾਈ ਵੇਲੇ।
ਵਿਸ਼ੇ ਬਾਰੇ ਖੋਜ ਲਈ - ਸ਼ੁਰੂ ਵਿੱਚ, ਇੱਕ ਵਕਫ਼ੇ ਦੇ ਬਾਅਦ, ਅੰਤ ਵਿੱਚ।
ਸਮੂਹ ਅਤੇ ਜੋੜੀ ਵਿੱਚ ਇੱਕੋ ਹੀ ਵਿਸ਼ੇ/ਕੰਮ ਨੂੰ ਨਹੀਂ ਦੁਹਰਾਇਆ ਜਾਏਗਾ।

## ਪ੍ਰਕਿਰਿਆ ਦੇ ਪੜਾਅ

* ਬਰਾਬਰ (ਸਮ) ਗਿਣਤੀ ਵਾਲੇ ਸਮੂਹ ਬਣਾਓ।
* ਸੰਬੰਧਿਤ ਪੜ੍ਹਨ ਸਮੱਗਰੀ/ਕੀਤੇ ਜਾਣ ਵਾਲੇ ਕੰਮ ਨੂੰ ਸਾਂਝਾ ਕਰੋ।
* ਵਿਦਿਆਰਥੀ ਸਮੂਹ ਵਿੱਚ ਚਰਚਾ/ਕੰਮ ਕਰਦੇ ਹਨ ਅਤੇ ਅਧਿਆਪਕ ਜਮਾਤ ਵਿੱਚ ਘੁੰਮ-ਘੁੰਮ ਕੇ ਸਭ ਦੀ ਭਾਗੀਦਾਰੀ ਸੁਨਿਸ਼ਚਿਤ ਕਰਦਾ ਹੈ ਅਤੇ ਪ੍ਰਤੀਕ੍ਰਿਆ (feedback) ਸਾਂਝੀ ਕਰਦੇ ਹਨ।
* ਵਿਦਿਆਰਥੀ ਜੋੜਿਆਂ ਵਿੱਚ ਚਰਚਾ/ਕੰਮ ਕਰਦੇ ਹਨ।
* ਵਿਦਿਆਰਥੀ ਵਿਅਕਤੀਗਤ ਤੌਰ 'ਤੇ ਆਪਣੇ-ਆਪਣੇ ਕੰਮ ਨੂੰ ਕਰਦੇ ਹਨ।
* ਅੰਤ ਵਿੱਚ ਵਿਦਿਆਰਥੀ ਆਪਣੇ ਕੰਮ ਨੂੰ ਵੱਡੇ ਸਮੂਹ ਵਿੱਚ ਸਾਂਝਾ ਕਰਦੇ ਹਨ।

**ਸੁਝਾਇਆ ਗਿਆ ਵਿਸ਼ਾ –** (i) ਲੇਖ
(ii) ਪ੍ਰੋਜੈਕਟ

ਸੋ ਇੰਝ ਇਸ ਆਂਤਰਿਕ ਮੁਲਾਂਕਣ ਰਾਹੀਂ ਵਿਦਿਆਰਥੀਆਂ ਦੀ ਬਹੁ-ਪ੍ਰਤਿਭਾ ਦਾ ਮੁਲਾਂਕਣ ਸਹਿਜੇ ਹੀ ਕੀਤਾ ਜਾ ਸਕਦਾ ਹੈ।

◆◆◆◆◆

# 4. ਸੂਚਨਾ ਤਕਨੀਕ ਦੀ ਮੁੱਢਲੀ ਜਾਣਕਾਰੀ

- ਰੋਹਿਤ ਉਪਾਧਿਆਇ

ਅਜੋਕੇ ਡਿਜੀਟਲ ਯੁੱਗ ਵਿੱਚ ਸੂਚਨਾ ਅਤੇ ਸੰਚਾਰ ਤਕਨੀਕੀ ਨੇ ਸਿੱਖਿਆ ਦੇ ਵਿਭਿੰਨ ਪਹਿਲੂਆਂ 'ਤੇ ਕ੍ਰਾਂਤੀ ਲਿਆ ਦਿੱਤੀ ਹੈ, ਭਾਸ਼ਾ ਸਿੱਖਣਾ-ਸਿਖਾਉਣਾ ਵੀ ਇਸ ਤੋਂ ਅਛੂਤਾ ਨਹੀਂ ਰਿਹਾ। ਪੰਜਾਬੀ ਭਾਸ਼ਾ ਦੇ ਸਿਖਿਆਰਥੀ ਸੂਚਨਾ ਅਤੇ ਤਕਨੀਕ ਦੀ ਸਹਾਇਤਾ ਨਾਲ ਖੁਦ ਅਤੇ ਦੂਜਿਆਂ ਨੂੰ ਵੀ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿੱਚ ਉਹਨਾਂ ਦੀ ਸ਼ਮੂਲੀਅਤ ਕਰਕੇ ਪੰਜਾਬੀ ਭਾਸ਼ਾ ਨੂੰ ਰੋਚਕ, ਪ੍ਰਭਾਵਸ਼ਾਲੀ, ਜੀਵੰਤ ਅਤੇ ਅਨੁਭਵਮਈ ਬਣਾ ਸਕਦੇ ਹਨ। ਪੰਜਾਬੀ ਭਾਸ਼ਾ ਅਧਿਆਪਕ ਭਾਸ਼ਾ ਨਿਪੁੰਨਤਾ, ਸੱਭਿਆਚਾਰਕ ਸਮਝ, ਡਿਜੀਟਲ ਸਾਖਰਤਾ ਕੌਸ਼ਲਾਂ ਨੂੰ ਸੂਚਨਾ ਤਕਨੀਕ ਨਾਲ ਏਕੀਕ੍ਰਿਤ ਕਰਦੇ ਹੋਏ ਪੰਜਾਬੀ ਭਾਸ਼ਾ ਸਿਖਾਉਣ ਲਈ ਨਿਰਦੇਸ਼ਾਂ ਵਜੋਂ ਇਸਤੇਮਾਲ ਕਰ ਸਕਦੇ ਹਨ। ਹੇਠਾਂ ਪੰਜਾਬੀ ਭਾਸ਼ਾ ਅਧਿਆਪਨ ਵਿੱਚ ਸੂਚਨਾ ਤਕਨੀਕੀ ਦੁਆਰਾ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰਣਨੀਤੀਆਂ ਬਣਾਉਣ ਅਤੇ ਲਾਭ ਉਠਾਉਣ ਸੰਬੰਧੀ ਚਰਚਾ ਕਰਾਂਗੇ-

**ਸਿੱਖਿਆ ਵਿੱਚ ਸੂਚਨਾ ਤਕਨੀਕ ਦੀ ਸੰਖੇਪ ਜਾਣਕਾਰੀ**

ਜਦੋਂ ਅਸੀਂ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਲਈ ਸੂਚਨਾ ਤਕਨੀਕ ਦੀ ਭੂਮਿਕਾ ਬਾਰੇ ਚਰਚਾ ਕਰਦੇ ਹਾਂ ਤਾਂ ਮੁੱਖ ਤੌਰ 'ਤੇ 5 ਮੁੱਖ ਬਿੰਦੂਆਂ 'ਤੇ ਚਰਚਾ ਬਣਦੀ ਹੈ।

| | | | | |
|---|---|---|---|---|
| 1. ਭਾਸ਼ਾ ਸਿੱਖਣ ਮੌਕਿਆਂ ਵਿੱਚ ਵਾਧਾ | 2. ਪ੍ਰਮਾਣਿਕ ਭਾਸ਼ਾ ਸਮੱਗਰੀ ਤਕ ਪਹੁੰਚ | 3. ਸਾਂਝਾ ਅਧਿਐਨ ਅਤੇ ਸੰਚਾਰ | 4. ਵਿਅਕਤੀਗਤ ਅਤੇ ਅਨੁਕੂਲਿਤ ਸਿਖਲਾਈ | 5. ਅਧਿਆਪਕ ਦੀ ਕਿੱਤਾਮੁਖੀ ਯੋਗਤਾ ਦਾ ਵਿਕਾਸ |

1. ਭਾਸ਼ਾ ਸਿੱਖਣ ਮੌਕਿਆਂ ਵਿੱਚ ਵਾਧਾ- ਸੂਚਨਾ ਤਕਨੀਕ ਨੇ ਭਾਸ਼ਾ ਸਿੱਖਣ ਮੌਕਿਆਂ ਵਿੱਚ ਭਰਪੂਰ ਵਾਧਾ ਕਰਨ ਲਈ ਕਈ ਤਰਾਂ ਦੇ ਸੰਦ (Tools) ਅਤੇ ਸਰੋਤ ਸਾਨੂੰ ਦਿੱਤੇ ਹਨ। ਵਿਦਿਆਰਥੀ ਦੀ ਭਾਸ਼ਾ ਸਿੱਖਣ ਦੇ ਸੋਫਟਵੇਅਰ, ਆਨਲਾਇਨ ਕੋਰਸ, ਭਾਸ਼ਾ ਸਿੱਖਣ ਪਲੇਟਫਾਰਮ ਅਤੇ ਮਲਟੀਮੀਡੀਆ ਸਮੱਗਰੀ ਆਦਿ ਤਕ ਪਹੁੰਚ ਬਣੀ ਹੈ,ਜਿਸ ਨਾਲ ਉਹਨਾਂ ਨੂੰ ਭਾਸ਼ਾ ਸਿੱਖਣ ਲਈ, ਬੋਲਣ, ਸੁਣਨ, ਪੜ੍ਹਨ, ਲਿਖਣ ਆਦਿ ਕੌਸ਼ਲਾ ਦੇ ਅਭਿਆਸ ਲਈ ਪਰਸਪਰ ਸੰਪਰਕ ਅਤੇ ਰੁਝਾਨ ਦੇ ਮੌਕੇ ਮਿਲੇ ਹਨ।
2. ਪ੍ਰਮਾਣਿਕ ਭਾਸ਼ਾ ਸਮੱਗਰੀ ਤਕ ਪਹੁੰਚ- ਸੂਚਨਾ ਤਕਨੀਕ ਨੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਪ੍ਰਮਾਣਿਕ ਭਾਸ਼ਾ ਸਮੱਗਰੀ ਤਕ ਪਹੁੰਚ ਬਣਾਉਣ ਵਿੱਚ ਸਹਾਇਤਾ ਕੀਤੀ ਹੈ। ਇੰਟਰਨੈਟ ਦੁਆਰਾ ਵਿਦਿਆਰਥੀ ਸੰਬੰਧਤ ਭਾਸ਼ਾ ਦੀਆਂ ਵੈੱਬਸਾਈਟਾਂ, ਬਲੋਗ, ਆਰਟੀਕਲ, ਵਿਡੀਉ,ਪੋਡਕਾਸਟ ਆਦਿ ਨੂੰ ਘੋਖ ਸਕਦਾ ਹੈ ਅਤੇ ਆਪਣੇ ਨਿੱਤ-ਪ੍ਰਤੀ ਜੀਵਨ ਅਤੇ ਸੱਭਿਆਚਾਰਕ ਸੰਦਰਭ ਵਿੱਚ ਉਸ ਭਾਸ਼ਾ ਨੂੰ ਇਸਤੇਮਾਲ ਕਰ ਸਕਦਾ ਹੈ। ਅਜਿਹੇ ਮੌਕੇ ਉਹਨਾਂ ਨੂੰ ਆਪਣੀ ਭਾਸ਼ਾ ਕੁਸ਼ਲਤਾ ਅਤੇ ਸੱਭਿਆਚਾਰਕ ਸਮਝ ਵਿਕਸਿਤ ਕਰਨ ਵਿੱਚ ਸਹਾਈ ਹੋ ਸਕਦੇ ਹਨ।
3. ਸਾਂਝਾ ਅਧਿਐਨ ਅਤੇ ਸੰਚਾਰ- ਸੂਚਨਾ ਤਕਨੀਕ ਭਾਸ਼ਾ ਸਿਖਿਆਰਥੀਆਂ ਵਿੱਚ ਸਾਂਝ ਅਧਿਐਨ ਅਤੇ ਸੰਚਾਰ ਵਿਕਸਿਤ ਕਰਦੀ ਹੈ। ਆਨਲਾਇਨ ਪਲੇਟਫਾਰਮ ਅਤੇ ਸੰਦ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰਾ ਮੰਚ, ਵੀਡੀਓ ਕਾਨਫਰੰਸ ਅਤੇ ਸੋਸ਼ਲ ਮੀਡੀਆ ਆਦਿ ਦੁਆਰਾ ਸਾਥੀਆਂ ਨਾਲ ਸਥਾਨਕ ਅਤੇ ਗਲੋਬਲ

ਪੱਧਰ ਉੱਤੇ ਸੰਪਰਕ ਸਥਾਪਿਤ ਕਰਨ ਦੇ ਯੋਗ ਬਣਾਉਂਦਾ ਹੈ। ਅਜਿਹੀਆਂ ਸਹਿਯੋਗੀ ਗਤੀਵਿਧੀਆਂ ਭਾਸ਼ਾ ਅਭਿਆਸ, ਸੱਭਿਆਚਾਰਕ ਵਟਾਂਦਰਾ ਅਤੇ ਅੰਤਰ-ਸੱਭਿਆਚਾਰਕ ਯੋਗਤਾਵਾਂ ਨੂੰ ਪ੍ਰਫੁੱਲਤ ਕਰਦੀਆਂ ਹਨ।

4. ਵਿਅਕਤੀਗਤ ਅਤੇ ਅਨੁਕੂਲਿਤ ਸਿਖਲਾਈ- ਸੂਚਨਾ ਤਕਨੀਕ ਵਿਅਕਤੀਗਤ ਅਤੇ ਅਨੁਕੂਲਿਤ ਸਿੱਖਣ ਤਜਰਬਿਆਂ ਨੂੰ ਉਸਾਰਦੀ ਹੈ। ਭਾਸ਼ਾ ਸਿਖਲਾਈ ਸੋਫਟਵੇਅਰ ਅਤੇ ਐਪਸ ਵਿਅਕਤੀਗਤ ਸਿੱਖਣ ਲੋੜਾਂ, ਨਿਰਧਾਰਿਤ ਅਭਿਆਸਾਂ, ਤੁਰੰਤ ਫੀਡਬੈਕ ਅਤੇ ਵਿਕਾਸ ਦਾ ਟਰੈਕ ਰੱਖਣ ਦੇ ਅਨੁਕੂਲ ਹੁੰਦੇ ਹਨ। ਇਹ ਵਿਅਕਤੀਗਤ ਪਹੁੰਚ ਸਿਖਿਆਰਥੀ ਦੀ ਸਮਰੱਥਾ, ਕਮਜ਼ੋਰੀ, ਸਿੱਖਣ ਦੇ ਤਰਜੀਹੀ ਤਰੀਕਿਆਂ, ਉਹਨਾਂ ਦੇ ਭਾਸ਼ਾ ਗ੍ਰਹਿਣ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਦਾ ਹੈ।

5. ਅਧਿਆਪਕ ਦੀ ਕਿੱਤਾਮੁਖੀ ਯੋਗਤਾ ਦਾ ਵਿਕਾਸ- ਸੂਚਨਾ ਤਕਨੀਕ ਅਧਿਆਪਕਾਂ ਨੂੰ ਭਾਸ਼ਾ ਅਧਿਆਪਨ ਵਿੱਚ ਕਿੱਤਾਮੁਖੀ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਵਿੱਚ ਯੋਗਦਾਨ ਦਿੰਦੀ ਹੈ। ਸਿਖਿਆਰਥੀ ਆਨਲਾਇਨ ਸਰੋਤਾਂ, ਵੈਬਿਨਾਰ ਵਿੱਚ ਭਾਗੀਦਾਰੀ, ਆਨਲਾਇਨ ਭਾਈਚਾਰਿਆਂ ਵਿੱਚ ਸ਼ਮੂਲੀਅਤ ਅਤੇ ਵਰਚੁਅਲ ਸਿਖਲਾਈ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋ ਕੇ ਆਪਣੀ ਗਿਆਨ ਪਹੁੰਚ ਨੂੰ ਵਧਾ ਸਕਦੇ ਹਨ। ਅਜਿਹੇ ਪਲੇਟਫਾਰਮ ਅਧਿਆਪਕਾਂ ਨੂੰ ਨਵੇਂ ਭਾਸ਼ਾ ਅਧਿਆਪਨ ਦੇ ਤਰੀਕਿਆਂ, ਨਵੇਂ ਡਿਜੀਟਲ ਸੰਦਾਂ ਨੂੰ ਘੋਖਣ, ਸੰਸਾਰ ਪੱਧਰ ਉੱਤੇ ਆਪਣੇ ਸਾਥੀਆਂ ਨਾਲ ਆਪਣੇ ਅਨੁਭਵ ਸਾਂਝੇ ਕਰਨ ਅਤੇ ਅਖੀਰਕਾਰ ਆਪਣੇ ਅਧਿਆਪਨ ਅਭਿਆਸਾਂ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ।

## ਦੂਰ-ਦੁਰਾਡੇ ਇਲਾਕਿਆਂ ਵਿੱਚ ਸਿੱਖਣ-ਸਿਖਾਉਣ ਲਈ ਡਿਜੀਟਲ ਪਲੇਟਫਾਰਮ

ਸੂਚਨਾ ਤਕਨੀਕ ਵਿੱਚ ਵਿਦਿਆਰਥੀਆਂ ਦੇ ਸਿੱਖਣ ਅਨੁਭਵਾਂ ਨੂੰ ਵਧਾਉਣ ਦੇ ਨਾਲ-ਨਾਲ ਅਧਿਆਪਨ ਨੂੰ ਪ੍ਰਭਾਵਸ਼ਾਲੀ ਅਤੇ ਕੁਸ਼ਲ ਬਣਾਉਣ ਦੀ ਵੀ ਸਮਰੱਥਾ ਹੈ। ਆਨਲਾਇਨ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਸਿੱਖਣ-ਸਿਖਾਉਣ ਲਈ ਡਿਜੀਟਲ ਪਲੇਟਫਾਰਮ ਵਿਆਪਕ ਤੌਰ 'ਤੇ ਵਰਤੇ ਜਾਂਦੇ ਹਨ। ਇਹ ਵਿਦਿਆਰਥੀਆਂ ਨੂੰ ਅਤੇ ਅਧਿਆਪਕਾਂ ਨੂੰ ਵਰਚੁਅਲ ਤੌਰ 'ਤੇ ਆਹਮਣੇ-ਸਾਹਮਣੇ ਮੀਟਿੰਗ ਕਰਨ ਵਿੱਚ ਮਦਦ ਕਰਦੇ ਹਨ, ਜੋ ਖਾਸ ਕਰਕੇ ਉਹਨਾਂ ਵਿਦਿਆਰਥੀਆਂ ਲਈ ਫਾਇਦੇਮੰਦ ਹੋ ਸਕਦੀ ਹੈ ਜੋ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿੰਦੇ ਹਨ ਜਾਂ ਜੋ ਖੁਦ ਸਕੂਲ ਤਕ ਨਹੀਂ ਪਹੁੰਚ ਸਕਦੇ। ਇਹ ਅਧਿਆਪਕਾਂ ਨੂੰ ਲਾਈਵ ਜਮਾਤਾਂ ਅਤੇ ਗਤੀਵਿਧੀਆਂ ਆਯੋਜਿਤ ਕਰਨ ਵਿੱਚ ਸਹਾਇਤਾ ਕਰਦੇ ਹਨ, ਜੋ ਸਿੱਖਣ ਤਜਰਬਿਆਂ ਨੂੰ ਵਧੇਰੇ ਵਿਦਿਆਰਥੀ ਕੇਂਦਰਿਤ ਕਰ ਸਕਦੇ ਹਨ। ਹੇਠਾਂ ਕੁਝ ਡਿਜੀਟਲ ਪਲੇਟਫਾਰਮ ਦੀ ਉਦਾਹਰਨ ਦਿੱਤੀ ਗਈ ਹੈ-

1. ਜ਼ੂਮ (Zoom)- ਜ਼ੂਮ ਦੂਰ-ਦੁਰਾਡੇ ਸਿੱਖਿਆ ਸਾਧਨ ਵਜੋਂ ਵਿਆਪਕ ਤੌਰ 'ਤੇ ਵਰਤਿਆ ਜਾਣ ਵਾਲਾ ਵਿਡੀਉ ਕਾਨਫ਼ਰੈਂਸ ਪਲੇਟਫਾਰਮ ਹੈ। ਇਹ ਲਾਈਵ ਵਿਡੀਉ ਅਤੇ ਆਡੀਓ ਸੰਚਾਰ, ਸਕ੍ਰੀਨ ਸਾਂਝੀ ਕਰਨਾ, ਬ੍ਰੇਕਆਊਟ ਰੂਮ, ਵਾਈਟਬੋਰਡਿੰਗ ਅਤੇ ਚੈਟ ਜਿਹੀਆਂ ਸਹਿਯੋਗੀ ਵਿਸ਼ੇਸ਼ਤਾਵਾਂ ਨੂੰ ਪ੍ਰਦਾਨ ਕਰਦਾ ਹੈ। ਅਧਿਆਪਕ ਵਰਚੂਅਲ ਜਮਾਤਾਂ ਚਲਾਉਣਾ, ਪ੍ਰਸਤੁਤੀਆਂ ਨੂੰ ਸਾਂਝੇ ਕਰਨਾ ਅਤੇ ਵਿਦਿਆਰਥੀਆਂ ਨਾਲ ਅਸਲ ਵਿੱਚ ਗੱਲਬਾਤ ਕਰ ਸਕਦੇ ਹਨ।

2. ਮਾਇਕਰੋਸੋਫਟ ਟੀਮਜ਼ (Microsoft Teams)- ਮਾਇਕਰੋਸੋਫਟ ਟੀਮਜ਼ ਇੱਕ ਸੰਚਾਰ ਅਤੇ ਸਹਿਯੋਗ ਪਲੇਟਫਾਰਮ ਹੈ ਜੋ ਵਿਡੀਉ ਕਾਨਫ਼ਰੈਂਸ, ਚੈਟ, ਫ਼ਾਈਲ ਸਾਂਝੀ ਕਰਨਾ ਅਤੇ ਹੋਰ ਮਾਇਕਰੋਸੋਫਟ ਆਫਿਸ ਟੂਲਜ਼ ਨਾਲ ਏਕੀਕਰਨ ਕਰਦਾ ਹੈ। ਅਧਿਆਪਕ ਵਰਚੂਅਲ ਜਮਾਤਾਂ ਦੀ ਸੂਚੀ ਬਣਾ ਸਕਦਾ ਹੈ, ਫ਼ਾਈਲ ਤੇ ਪ੍ਰਸਤੁਤੀਆਂ ਸਾਂਝੀਆਂ ਕਰ ਸਕਦਾ ਹੈ ਅਤੇ ਵਿਦਿਆਰਥੀਆਂ ਨੂੰ ਫੀਡਬੈਕ ਦੇ ਸਕਦਾ ਹੈ। ਇਹ ਬ੍ਰੇਕਾਊਟ ਰੂਮ ਅਤੇ ਸੈਸ਼ਨ ਦੀ ਰਿਕਾਰਡਿੰਗ ਦੀ ਸਹੂਲਤ ਵੀ ਦਿੰਦਾ ਹੈ।

3. ਗੂਗਲ ਮੀਟ (Google Meet)- ਅਧਿਆਪਕ ਸਹੀ ਮਾਇਨਿਆਂ ਵਿੱਚ ਗੂਗਲ ਮੀਟ ਜੋ ਕਿ ਇੱਕ ਵਿਡੀਓ ਕਾਨਫ੍ਰੈਂਸਿੰਗ ਟੂਲ ਹੈ, ਦੁਆਰਾ ਵਿਦਿਆਰਥੀਆਂ ਨਾਲ ਸੰਚਾਰ ਕਰ ਸਕਦੇ ਹਨ। ਬੱਚਿਆਂ ਨਾਲ ਉਹ ਗੱਲਬਾਤ ਕਰਨ, ਫ਼ਾਈਲਾਂ ਦੀ ਅਦਲਾ-ਬਦਲੀ, ਗਤੀਵਿਧੀ ਸੰਚਾਲਨ, ਪ੍ਰਸਤੁਤੀ ਦੇਣ ਆਦਿ ਲਈ ਇਸਦਾ ਇਸਤੇਮਾਲ ਕਰ ਸਕਦੇ ਹਨ।

4. ਗੂਗਲ ਕਲਾਸਰੂਮ (Google classroom)- ਗੂਗਲ ਕਲਾਸਰੂਮ ਇੱਕ ਵੈਬ ਅਧਾਰਤ ਪਲੇਟਫਾਰਮ ਹੈ ਜਿਹੜਾ ਅਧਿਆਪਕਾਂ ਨੂੰ ਆਨਲਾਇਨ ਕੋਰਸ ਬਣਾਉਣ ਅਤੇ ਪ੍ਰਬੰਧ ਕਰਨ ਲਈ ਸਹਾਇਤਾ ਕਰਦਾ ਹੈ। ਇਹ ਅਧਿਆਪਕਾਂ ਨੂੰ ਅਸਾਇਨਮੈਂਟ ਤੇ ਸਰੋਤ ਸਾਂਝੇ ਕਰਨ, ਅਤੇ ਵਿਦਿਆਰਥੀਆਂ ਨੂੰ ਇਸ ਬਾਰੇ ਘੋਸ਼ਣਾ ਕਰਨ ਲਈ ਇੱਕ ਵਰਚੂਅਲ ਥਾਂ ਪ੍ਰਦਾਨ ਕਰਦਾ ਹੈ। ਵਿਦਿਆਰਥੀ ਆਪਣਾ ਕੰਮ ਜਮਾਂ ਕਰਨਾ, ਪ੍ਰੋਜੈਕਟ ਨੂੰ ਇਕੱਠਿਆਂ ਕਰਨਾ ਅਤੇ ਪਲੇਟਫਾਰਮ ਉੱਤੇ ਚਰਚਾ ਵਿੱਚ ਸ਼ਾਮਿਲ ਹੋਣਾ ਆਦਿ ਕਰ ਸਕਦੇ ਹਨ।

5. ਮੂਡਲ (Moodle)- ਮੂਡਲ ਸਿਖਿਆਰਥੀਆਂ ਦੁਆਰਾ ਆਨਲਾਇਨ ਕੋਰਸ ਬਣਾਉਣ ਲਈ ਵਰਤਿਆ ਜਾਣ ਵਾਲਾ ਇੱਕ ਓਪਨ ਸੋਰਸ ਲਰਨਿੰਗ ਮਨੇਜਮੈਂਟ ਸਿਸਟਮ ਹੈ। ਇਹ ਸਮੱਗਰੀ ਨੂੰ ਸਾਂਝੇ ਕਰਨਾ, ਅਸਾਇਨਮੈਂਟ ਨੂੰ ਜਮਾਂ ਕਰਵਾਉਣਾ, ਗਰੇਡ ਦੇਣਾ ਅਤੇ ਚਰਚਾ ਫੋਰਮਾਂ ਵਰਗੇ ਫ਼ੀਚਰ ਪ੍ਰਦਾਨ ਕਰਦਾ ਹੈ। ਮੂਡਲ ਦੂਰ-ਦੁਰਾਡੇ ਸਿੱਖਣ-ਸਿਖਾਉਣ ਲਈ ਇੱਕ ਲਚਕਦਾਰ ਅਤੇ ਪਸੰਦੀਦਾ ਪਲੇਟਫਾਰਮ ਪ੍ਰਦਾਨ ਕਰਦਾ ਹੈ।

### ਆਨਲਾਇਨ ਮੁਲਾਂਕਣ ਟੂਲਜ਼

ਆਨਲਾਇਨ ਮੁਲਾਂਕਣ ਟੂਲਜ਼ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿੱਖਣ ਉਦੇਸ਼ਾਂ ਦੇ ਮੁਲਾਂਕਣ ਲਈ ਸਮਰੱਥ, ਲਚਕੀਲੇ ਅਤੇ ਦਿਲਚਸਪ ਤਰੀਕੇ ਪ੍ਰਦਾਨ ਕਰਨ ਵਿੱਚ ਆਧੁਨਿਕ ਸਿੱਖਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਇਹ ਟੂਲਜ਼ ਸਿਖਿਆਰਥੀਆਂ ਨੂੰ ਮੁਲਾਂਕਣ ਦੇ ਵਿਸਤ੍ਰਿਤ ਤਰੀਕੇ ਜਿਵੇਂ ਕਉਈਜ਼ਜ, ਸਰਵੇ, ਅਸਾਇਨਮੈਂਟ ਆਦਿ ਬਣਾਉਣ ਵਿੱਚ ਯੋਗਦਾਨ ਦਿੰਦਾ ਹੈ,ਜੋ ਅਸਾਨੀ ਨਾਲ ਦੂਜਿਆਂ ਤਕ ਪਹੁੰਚਾਏ ਅਤੇ ਇਕੱਠੇ ਕੀਤੇ ਜਾ ਸਕਦੇ ਹਨ। ਆਨਲਾਇਨ ਮੁਲਾਂਕਣ ਟੂਲਜ਼ ਦੁਆਰਾ ਤੁਰੰਤ ਦਿੱਤੀ ਫੀਡਬੈਕ ਅਤੇ ਪੜਤਾਲ ਅਧਿਆਪਕਾਂ ਨੂੰ ਸਮਰੱਥਾ ਤੇ ਕਮਜ਼ੋਰੀ ਦੇ ਖੇਤਰ ਪਛਾਣਨ, ਸਮੇਂ 'ਤੇ ਦਖਲ ਦੇ ਕੇ ਅਤੇ ਵਿਅਕਤੀਗਤ ਨਿਰਦੇਸ਼ ਦੇਣ ਵਿੱਚ ਸਹਾਇਤਾ ਕਰਦਾ ਹੈ। ਇਸ ਤੋਂ ਵੀ ਵੱਧ ਇਹ ਟੂਲਜ਼ ਵਿਦਿਆਰਥੀਆਂ ਨੂੰ ਆਪਸੀ ਗੱਲਬਾਤ, ਗੇਮੀਫ਼ਿਕੇਸ਼ਨ ਦੇ ਤੱਤ,ਮਲਟੀਮੀਡਿਆ ਦਾ ਏਕੀਕਰਨ ਆਦਿ ਦੁਆਰਾ ਵਧੇਰੇ ਸਰਗਰਮ ਭਾਗੀਦਾਰੀ ਸੁਨਿਸ਼ਚਿਤ ਕਰਦੇ ਹਨ। ਆਨਲਾਇਨ ਮੁਲਾਂਕਣ ਟੂਲਜ਼ ਨਾ ਕੇਵਲ ਮੁਲਾਂਕਣ ਪ੍ਰਕਿਰਿਆ ਨੂੰ ਪ੍ਰਵਾਹਿਤ ਬਣਾਉਂਦੇ ਹਨ ਬਲਕਿ ਇੱਕ ਵਧੇਰੇ ਸਮਾਵੇਸ਼ੀ ਅਤੇ ਪਹੁੰਚਾਤਮਕ ਸਿੱਖਣ ਵਾਤਾਵਰਨ ਉਸਾਰਨ ਵਿੱਚ ਵੀ ਸਿਖਿਆਰਥੀ ਨੂੰ ਯੋਗਦਾਨ ਦਿੰਦੇ, ਆਪਣੀਆਂ ਅਧਿਆਪਨ ਰਣਨੀਤੀਆਂ ਨੂੰ ਹੋਰ ਅਨੁਕੂਲਿਤ ਬਣਾਉਣ ਅਤੇ ਆਪਣੇ ਵਿਦਿਆਰਥੀਆਂ ਦੀਆਂ ਵੱਖ-ਵੱਖ ਜ਼ਰੂਰਤਾਂ ਨੂੰ ਬਿਲਕੁਲ ਅਨੁਕੂਲ ਸਹਿਯੋਗ ਦੇਣ ਲਈ ਸਹਾਇਕ ਹੈ।

1. ਗੂਗਲ ਫਾਰਮ (Google Forms)- ਗੂਗਲ ਫਾਰਮ ਆਨਲਾਇਨ ਸਰਵੇ ਕਰਨ ਅਤੇ ਫੈਲਾਉਣ ਵਿੱਚ, ਪ੍ਰਸ਼ਨੋਤਰੀ ਅਤੇ ਮੁਲਾਂਕਣ ਨੂੰ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਇਹ ਕਈ ਤਰਾਂ ਦੇ ਪ੍ਰਸ਼ਨਾਂ ਦੀ ਕਿਸਮ, ਵਿਅਕਤੀਗਤ ਡਿਜ਼ਾਇਨ ਅਤੇ ਅਸਾਨੀ ਨਾਲ ਡਾਟਾ ਵਿਸ਼ਲੇਸ਼ਣ ਕਰ ਦਿੰਦਾ ਹੈ।

2. ਕਾਹੂਟ (Kahoot!)- ਕਾਹੂਟ ਅਧਿਆਪਕਾਂ ਨੂੰ ਦਿਲਚਸਪ ਪ੍ਰਸ਼ਨ ਬਣਾਉਣ, ਸਰਵੇ ਅਤੇ ਚਰਚਾ ਕਰਨ ਲਈ ਮਿਲਿਆ ਇੱਕ ਪ੍ਰਸਿੱਧ ਗੇਮ

ਅਧਾਰਤ ਸਿੱਖਿਆ ਪਲੇਟਫਾਰਮ ਹੈ। ਵਿਦਿਆਰਥੀ ਇਸ ਵਿੱਚ ਭਾਗ ਲੈ ਕੇ ਇਸਨੂੰ ਮਜ਼ੇਦਾਰ ਬਣਾ ਸਕਦਾ ਹੈ।

3. ਕੁਇਜ਼ਲੇਟ (Quizlet)- ਕੁਇਜ਼ਲੇਟ ਇੱਕ ਆਨਲਾਇਨ ਸਿੱਖਿਆ ਟੂਲ ਹੈ ਜੋ ਵਿਦਿਆਰਥੀਆਂ ਨੂੰ ਆਪਣਾ ਗਿਆਨ ਪਰਖਣ ਅਤੇ ਵਧਾਉਣ ਲਈ ਫਲੈਸ਼ ਕਾਰਡ, ਪ੍ਰਸ਼ਨੋਤਰੀ ਅਤੇ ਖੇਡਾਂ ਪ੍ਰਦਾਨ ਕਰਦਾ ਹੈ। ਅਧਿਆਪਕ ਆਪਣੇ ਖੁਦ ਦੇ ਸਿੱਖਣ ਤਰੀਕੇ ਜਾਂ ਦੂਜਿਆਂ ਦੁਆਰਾ ਸਾਂਝੇ ਕੀਤੇ ਗਏ ਮੌਜੂਦ ਤਰੀਕਿਆਂ ਨੂੰ ਵਰਤ ਸਕਦੇ ਹਨ।

4. ਸਰਵੇ ਮੰਕੀ (Survey Monkey)- ਸਰਵੇ ਮੰਕੀ ਟੂਲ ਮੁਲਾਂਕਣ ਲਈ ਵਰਤਿਆ ਜਾਣ ਵਾਲਾ ਇੱਕ ਪ੍ਰਸਿੱਧ ਆਨਲਾਇਨ ਸਰਵੇ ਟੂਲ ਹੈ। ਇਹ ਕਈ ਤਰਾਂ ਦੇ ਪ੍ਰਸ਼ਨਾਂ ਦੀਆਂ ਕਿਸਮਾਂ, ਵਿਅਕਤੀਗਤ ਖਾਕੇ, ਉੱਨਤ ਤਰਕ ਲਈ ਵਿਕਲਪ ਆਦਿ ਪ੍ਰਦਾਨ ਕਰਦਾ ਹੈ। ਤੁਸੀਂ ਇਸਦੇ ਸ਼ਕਤੀਸ਼ਾਲੀ ਤਾਰਕਿਕ ਫੀਚਰ ਨੂੰ ਇਸਤੇਮਾਲ ਕਰਕੇ ਉੱਤਰ ਇਕੱਠੇ ਕਰਨਾ, ਡਾਟਾ ਵਿਸ਼ਲੇਸ਼ਣ ਕਰ ਸਕਦੇ ਹੋ। ਸਰਵੇ ਮੰਕੀ ਮੁਫ਼ਤ ਅਤੇ ਭੁਗਤਾਨ ਯੋਜਨਾ ਦੋਵੇਂ ਹੀ ਪੇਸ਼ਕਸ਼ ਕਰਦਾ ਹੈ।

5. ਕਲਾਸ ਮਾਰਕਰ (Class Marker)- ਕਲਾਸ ਮਾਰਕਰ ਇੱਕ ਵਿਆਪਕ ਆਨਲਾਇਨ ਟੈਸਟਿੰਗ ਪਲੇਟਫਾਰਮ ਹੈ ਜੋ ਕਈ ਤਰਾਂ ਦੇ ਮੁਲਾਂਕਣ ਨੂੰ ਉਤਸਾਹਿਤ ਕਰਦਾ ਹੈ। ਇਹ ਬਹੁਵਿਕਲਪੀ ਪ੍ਰਸ਼ਨ ਪ੍ਰਕਾਰ, ਸਮਾਂ ਸੀਮਾ, ਆਪਣੇ ਆਪ ਗ੍ਰੇਡਿੰਗ ਅਤੇ ਵਿਅਕਤੀਗਤ ਸਰਟੀਫਿਕੇਟ ਆਦਿ ਵਰਗੀਆਂ ਵਿਸ਼ੇਸ਼ਤਾਵਾਂ ਪ੍ਰਦਾਨ ਕਰਦਾ ਹੈ। ਇਹ ਤੁਹਾਨੂੰ ਸੁਰੱਖਿਅਤ ਪ੍ਰੀਖਿਆਵਾਂ ਨੂੰ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਦੂਰ-ਦੁਰਾਡੇ ਲਈ ਨਿਗਰਾਨ ਵਜੋਂ ਵੀ ਕੰਮ ਕਰਦਾ ਹੈ। ਇਹ ਦੂਜੇ ਸਿੱਖਣ ਪ੍ਰਬੰਧ ਤਰੀਕਿਆਂ ਨਾਲ ਵਿਸਥਾਰਪੂਰਵਕ ਰਿਪੋਰਟ ਅਤੇ ਏਕੀਕਰਨ ਲਈ ਵੀ ਪੇਸ਼ਕਸ਼ ਕਰਦਾ ਹੈ।

6. ਕੁਇਜਿਜ਼ (Quizizz)- ਕੁਇਜਿਜ਼ ਵਿਦਿਆਰਥੀਆਂ ਨੂੰ ਵਾਰ-ਵਾਰ ਖੇਡਣ ਵਾਲੇ ਪ੍ਰਸ਼ਨਾਂ ਵਿੱਚ ਹਿੱਸਾ ਪ੍ਰਦਾਨ ਕਰਨ ਵਾਲਾ ਇੱਕ ਮਜ਼ੇਦਾਰ ਆਨਲਾਇਨ ਮੁਲਾਂਕਣ ਟੂਲ ਹੈ। ਅਧਿਆਪਕ ਖੁਦ ਵੀ ਪ੍ਰਸ਼ਨ ਬਣਾ ਸਕਦੇ ਹਨ ਜਾਂ ਵਿਆਪਕ ਕੁਇਜਿਜ਼ ਲਾਇਬ੍ਰੇਰੀ ਵਿੱਚੋਂ ਪਹਿਲਾਂ ਹੀ ਬਣੇ ਪ੍ਰਸ਼ਨ ਵੀ ਇਸਤੇਮਾਲ ਕਰ ਸਕਦੇ ਹਨ। ਇੱਕ ਯੂਨੀਕ ਕੋਡ ਰਾਹੀਂ ਵਿਦਿਆਰਥੀ ਇਸ ਵਿੱਚ ਸ਼ਾਮਿਲ ਹੋ ਸਕਦੇ ਹਨ ਅਤੇ ਅਸਲ ਵਿੱਚ ਆਪਣੇ ਸਾਥੀਆਂ ਨਾਲ ਪ੍ਰਤੀਯੋਗਿਤਾ ਵਿੱਚ ਹਿੱਸਾ ਲੈ ਸਕਦੇ ਹਨ। ਕੁਇਜਿਜ਼ ਦਾ ਗੈਮੀਫਿਕੇਸ਼ਨ ਤੱਤ ਅਤੇ ਉਤਰਾਂ ਬਾਰੇ ਤੁਰੰਤ ਫੀਡਬੈਕ ਮਿਲਦੀ ਹੈ


### ਹਾਲ ਹੀ ਵਿੱਚ ਆਏ ਰੁਝਾਨ ਅਤੇ ਉਹਨਾਂ ਦਾ ਵਿਕਾਸ

ਅਧਿਐਨ ਅਤੇ ਅਧਿਆਪਨ ਵਿੱਚ ਆਰਟੀਫਿਸ਼ਲ ਇੰਟੇਲੀਜੈਂਸ ਅਤੇ ਮਸ਼ੀਨ ਲਰਨਿੰਗ ਟੂਲਜ਼-


ਆਰਟੀਫਿਸ਼ਲ ਇੰਟੇਲੀਜੈਂਸ ਕੰਪਿਊਟਰ ਦੀ ਸੋਚਣ ਅਤੇ ਸਿੱਖਣ ਦੀ ਸਮਰੱਥਾ ਹੈ। ਇਸ ਨਾਲ ਕੰਪਿਊਟਰ ਉਹ ਕੰਮ ਵੀ ਕਰ ਸਕਦਾ ਹੈ ਜਿਹੜੇ ਆਮ ਤੌਰ 'ਤੇ ਪਹਿਲਾਂ ਮਨੁੱਖਾਂ ਦੁਆਰਾ ਕੀਤੇ ਜਾਂਦੇ ਸਨ, ਜਿਵੇਂ ਕਿ ਭਾਸ਼ਾ ਪ੍ਰਕਿਰਿਆ, ਸਮੱਸਿਆ ਸੁਲਝਾਉਣਾ ਅਤੇ ਸਿੱਖਣਾ। ਆਰਟੀਫਿਸ਼ਲ ਇੰਟੇਲੀਜੈਂਸ ਹੋਰਨਾਂ ਨਵੀਆਂ ਤਕਨੀਕਾਂ ਵਰਗਾ ਇੱਕ ਟੂਲ ਹੈ।

ਮਸ਼ੀਨ ਸਿਖਲਾਈ ਕੰਪਿਊਟਰ ਅਤੇ ਮਸ਼ੀਨਾਂ ਨੂੰ ਡਾਟਾ ਦੀ ਪਹੁੰਚ ਦਿੰਦੀ ਹੈ, ਤਾਂ ਕਿ ਉਹ ਬਿਨਾਂ ਕਿਸੇ ਮਨੁੱਖ ਜਾਂ ਪ੍ਰੋਗਰਾਮ ਦੇ ਖੁਦ ਸਿੱਖ ਸਕਣ, ਟਾਈਪ ਕਰ ਸਕਣ ਅਤੇ ਕਿਸੇ ਕਮਾਂਡ ਨੂੰ ਬੋਲ ਸਕਣ। ਮਸ਼ੀਨ ਸਿਖਲਾਈ ਸੌਖੇ ਸ਼ਬਦਾਂ ਵਿੱਚ ਵਿਆਖਿਆ ਕਰ ਸਕਦੀ ਹੈ, ਇਹ ਤਿੰਨ ਤਰਾਂ ਹੋ ਸਕਦੀ ਹੈ: ਕੰਪਿਊਟਰ ਦੂਜਿਆਂ ਨੂੰ ਦੇਖਦਾ ਅਤੇ ਨਿਰੀਖਣ ਕਰਦਾ ਹੈ ਜੋ ਉਹ ਕਰਦੇ ਹਨ, ਫਿਰ ਉਸ ਕਾਰਵਾਈ ਨੂੰ ਨਕਲ ਕਰ ਦਿੰਦਾ ਹੈ।

1. ChatGPT- ਇਹ ਭਾਸ਼ਾ ਅਧਿਆਪਨ ਨੂੰ ਸਹਾਇਤਾ ਦੇਣ ਲਈ ਬਣਾਇਆ ਗਿਆ ਇੱਕ ਸ਼ਕਤੀਸ਼ਾਲੀ ਭਾਸ਼ਾ ਮਾਡਲ ਹੈ। ਇਸਦੀਆਂ ਉੱਨਤ ਸਮਰਥਾਵਾਂ ਨਾਲ ਇਹ ਤੁਰੰਤ ਫੀਡਬੈਕ ਦੇਣ, ਦਿਲਚਸਪ ਅਭਿਆਸਾਂ ਅਤੇ ਭਾਸ਼ਾ ਅਭਿਆਸ ਲਈ ਸਹੂਲਤਾਂ ਦੇਣ ਦੇ ਸਮਰੱਥ ਹੈ। ਇਸਦਾ ਅਨੁਕੂਲਿਤ ਸੁਭਾਅ ਵਿਅਕਤੀਗਤ ਸਿੱਖਣ ਅਨੁਭਵ ਦੇਣ, ਭਾਸ਼ਾ ਕੁਸ਼ਲਤਾਵਾਂ ਨੂੰ ਵਧਾਉਣ ਅਤੇ ਕੁਸ਼ਲ ਭਾਸ਼ਾ ਨਿਰਦੇਸ਼ਾਂ ਨੂੰ ਪ੍ਰਚਾਰਿਤ ਕਰਨ ਵਿੱਚ ਇੱਕ ਅਨਮੁੱਲਾ ਸੰਦ ਹੈ।




2. Bard- ਇਹ ਇੱਕ ਪ੍ਰਯੋਗਾਤਮਕ ਚੈਟਬੋਟ ਹੈ ਜੋ ਲਾਰਜ ਲੈਂਗੁਏਜ ਮਾਡਲ ਦੁਆਰਾ ਸੰਚਾਲਿਤ ਹੈ। ਇਹ ਇਸਤੇਮਾਲ ਕਰਨ ਵਾਲਿਆਂ ਨੂੰ ਟੈਕਸਟ ਪਰੌਂਪਟ (ਭਾਵ ਕੁਝ ਲਿਖਦੇ ਹੀ) ਨਾਲ ਹੀ ਉੱਤਰ ਦੇ ਦਿੰਦਾ ਹੈ ਅਤੇ ਇਸਤੇਮਾਲ ਕਰਨ ਵਾਲਿਆਂ ਨੂੰ ਵਿਭਿੰਨ ਕਾਰਜਾਂ ਨਾਲ ਸੰਬੰਧਿਤ ਕਰ ਦਿੰਦਾ ਹੈ।ਇਹ ਗੂਗਲ ਸਰਚ ਨੂੰ ਵਧੇਰੇ ਉੱਨਤ ਕਿਸਮ ਦੀ ਜਾਣਕਾਰੀ ਤੇ ਵਿਭਿੰਨ ਵਿਸ਼ਿਆਂ ਉੱਤੇ ਸਮੱਗਰੀ ਦੀ ਪਹੁੰਚ ਪ੍ਰਦਾਨ ਕਰਦਾ ਹੈ। ਸਿਖਿਆਰਥੀ ਆਪਣੇ ਕੌਸ਼ਲਾ ਦੇ ਵਧੇਰੇ ਅਭਿਆਸ ਲਈ ਅਤੇ ਆਪਣੀ ਰਚਨਾਤਮਕਤਾ ਨੂੰ ਵਧਾਉਣ ਲਈ ਤੇ ਆਪਣੀ ਜਿਗਿਆਸਾ ਦੀ ਤ੍ਰਿਪਤੀ ਲਈ, ਆਪਣੇ ਰੁਝਾਨਾਂ ਨੂੰ ਹੋਰ ਵਧੇਰੇ ਮਜ਼ੇਦਾਰ ਤੇ ਗਿਆਨਭਰਪੂਰ ਬਣਾਉਣ ਲਈ ਇਸਦੀ ਵਰਤੋਂ ਕਰ ਸਕਦੇ ਹਨ। ਇਸ ਤੋਂ ਇਲਾਵਾ ਵੀ ਦਿਨ-ਪ੍ਰਤੀਦਿਨ ਨਵੇਂ ਰੁਝਾਨ ਤੇ ਤਕਨੀਕਾਂ ਸੂਚਨਾ ਤਕਨੀਕ ਦੇ ਖੇਤਰ ਦੇ ਘੇਰੇ ਨੂੰ ਵਧਾਉਣ ਲਈ ਆਂ ਰਹੀਆਂ ਹਨ।




# 5. ਵਿਆਕਰਨ ਅਧਿਆਪਨ

- ਬਲਵਿੰਦਰ ਕੌਰ ਖੁਰਾਣਾ

### ਜਾਣ-ਪਛਾਣ

ਕਿਸੇ ਵੀ ਭਾਸ਼ਾ ਨੂੰ ਸ਼ੁੱਧ ਅਤੇ ਸਪੱਸ਼ਟ ਢੰਗ ਨਾਲ ਲਿਖਣ ਲਈ ਕੁਝ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਨਿਯਮਾਂ ਦੇ ਸਮੂਹ ਨੂੰ ਵਿਆਕਰਨ ਕਹਿੰਦੇ ਹਨ। ਕੋਈ ਵੀ ਜੀਂਵਤ ਭਾਸ਼ਾ ਹਮੇਸ਼ਾ ਗਤੀਸ਼ੀਲ ਹੁੰਦੀ ਹੈ। ਸਮੇਂ ਦੇ ਨਾਲ-ਨਾਲ ਭਾਸ਼ਾ ਬਦਲਦੀ ਅਤੇ ਵਿਕਾਸ ਕਰਦੀ ਹੈ, ਜਿਸ ਕਰਕੇ ਉਸਦੇ ਨਿਯਮਾਂ ਵਿੱਚ ਤਬਦੀਲੀ ਆਉਂਦੀ ਹੈ ਅਤੇ ਵਿਆਕਰਨ ਵਿੱਚ ਵੀ।




### ਵਿਆਕਰਨ ਦੇ ਰੂਪ

ਮੁੱਖ ਤੌਰ 'ਤੇ ਵਿਆਕਰਨ ਦੇ ਦੋ ਰੂਪ ਹੁੰਦੇ ਹਨ:

**ਸਿਧਾਂਤਕ ਵਿਆਕਰਨ**

ਇਸ ਰੂਪ ਵਿੱਚ ਵਿਆਕਰਨਕ ਇਕਾਈਆਂ ਦੀ ਪਰਿਭਾਸ਼ਾ, ਕਿਸਮਾਂ ਅਤੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਸੇ ਅਨੁਸਾਰ ਪ੍ਰਸ਼ਨ ਪੁੱਛੇ ਜਾਂਦੇ ਹਨ। ਜਿਵੇਂ ਨਾਂਵ ਕਿਸਨੂੰ ਕਹਿੰਦੇ ਹਨ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

**ਵਿਹਾਰਕ ਵਿਆਕਰਨ**

ਇਸ ਰੂਪ ਵਿੱਚ ਵਿਆਕਰਨਕ ਇਕਾਈ ਨੂੰ ਕਈ ਤਰ੍ਹਾਂ ਦੀਆਂ ਉਦਾਹਰਨਾਂ ਜਾਂ ਗਤੀਵਿਧੀਆਂ ਰਾਹੀਂ ਸਮਝਾ ਕੇ ਉਸਦੀ ਵਿਹਾਰਕ ਵਰਤੋਂ ਕਰਵਾਈ ਜਾਂਦੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਇਸ ਦੀ ਪਰਿਭਾਸ਼ਾ ਆਪਣੇ ਆਪ ਸਮਝ ਆ ਜਾਵੇ। ਜਿਵੇਂ ਅਧਿਆਪਕ ਵਾਕਾਂ ਵਿੱਚੋਂ ਵਿਅਕਤੀ, ਵਸਤੂ ਅਤੇ ਸਥਾਨ ਦਾ ਨਾਂ ਚੁਣਨ ਲਈ ਕਹੇਗਾ/ਕਹੇਗੀ ਅਤੇ ਫਿਰ ਦੱਸਿਆ ਜਾਵੇਗਾ ਕਿ ਇਹ ਨਾਂਵ ਹੈ। ਨਿਰਸੰਦੇਹ ਹੀ ਵਿਹਾਰਕ ਵਿਆਕਰਨ ਸਿਧਾਂਤਕ ਵਿਆਕਰਨ ਨਾਲੋਂ ਸੌਖੀ ਅਤੇ ਰੌਚਕ ਹੁੰਦੀ ਹੈ।


## ਉਦੇਸ਼

1. ਭਾਸ਼ਾ ਨੂੰ ਸ਼ੁੱਧ ਅਤੇ ਸਪੱਸ਼ਟ ਲਿਖਣਾ।
2. ਭਾਸ਼ਾਈ ਜੁਗਤਾਂ ਦਾ ਗਿਆਨ ਹਾਸਲ ਕਰਨਾ।
3. ਸ਼ਬਦ-ਭੰਡਾਰ ਵਿੱਚ ਵਾਧਾ ਕਰਨਾ।
4. ਭਾਸ਼ਾ ਦੇ ਮਿਆਰ ਨੂੰ ਉੱਚਾ ਚੁੱਕਣਾ।
5. ਵਿਚਾਰਾਂ ਅਤੇ ਭਾਵਾਂ ਨੂੰ ਸਹੀ ਤਰਤੀਬ ਵਿੱਚ ਲਿਖਣਾ।
6. ਅਖਾਣ ਅਤੇ ਮੁਹਾਵਰਿਆਂ ਦੇ ਪ੍ਰਯੋਗ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਅਮੀਰ ਵਿਰਸੇ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨਾ।
7. ਮਨ ਦੇ ਭਾਵਾਂ ਨੂੰ ਕਿਸੇ ਵੀ ਵਿਧਾ ਰਾਹੀਂ ਪ੍ਰਗਟ ਕਰਨ ਦੀ ਜਾਂਚ ਸਿਖਾਉਣਾ।
8. ਭਾਸ਼ਾ ਵਿਚ ਆਤਮਾ ਨੂੰ ਪਛਾਣਨਾ ਅਤੇ ਉਸਦੇ ਪ੍ਰਤੀ ਲਗਾਓ ਪੈਦਾ ਕਰਨਾ।
9. ਸ੍ਵੈ-ਭਰੋਸਾ ਪੈਦਾ ਕਰਨਾ।
10. ਭਾਸ਼ਾ ਦੀ ਪਕੜ ਮਜਬੂਤ ਕਰਨਾ।
11. ਅਰਥ ਗ੍ਰਹਿਣ ਕਰਨ ਦੀ ਸਮਝ ਵਿਕਸਿਤ ਕਰਨਾ।
12. ਜੀਵਨ ਦਾ ਅਨੁਭਵ ਹਾਸਲ ਕਰਨਾ।
13. ਪ੍ਰਤੀਯੋਗਿਤਾ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਣਾ।

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ/ਅਧਿਆਪਨ ਵਿਧੀ

ਕਿਸੇ ਵੀ ਭਾਸ਼ਾ ਦਾ ਵਿਆਕਰਨ ਉਸਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਇਸ ਰੀੜ੍ਹ ਦੀ ਹੱਡੀ ਨੂੰ ਲਚੀਲਾ, ਮਜਬੂਤ ਅਤੇ ਸੁਚਾਰੂ ਬਣਾਏ ਰੱਖਣ ਲਈ ਵਿਆਕਰਨ ਦੇ ਨਿਯਮਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ।

ਅਧਿਆਪਕ ਦੁਆਰਾ ਵਿਦਿਆਰਥੀਆਂ ਦੀ ਵਿਆਕਰਨ ਬਾਰੇ ਸਮਝ ਜਾਨਣ ਲਈ ਪਿਛਲੀਆਂ ਜਮਾਤਾਂ ਵਿੱਚ ਸਿੱਖੇ ਗਿਆਨ ਦੇ ਆਧਾਰ ਉੱਤੇ ਮਾਪਨ (Mapping) ਕੀਤਾ ਜਾਵੇਗਾ।




ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਪਾਠ-ਕ੍ਰਮ ਅਨੁਸਾਰ ਵਿਹਾਰਕ ਵਿਆਕਰਨ ਦੀਆਂ ਜੋ ਇਕਾਈਆਂ ਇਸ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ, ਉਹ ਹੇਠ ਲਿਖੇ ਅਨੁਸਾਰ ਹਨ-

- **ਵਾਕ-ਵਟਾਂਦਰਾ –** ਬਣਤਰ, ਕਾਰਜ ਅਤੇ ਵਾਚ ਦੇ ਆਧਾਰ 'ਤੇ ਵਾਕ ਦੀਆਂ ਕਿਸਮਾਂ ਬਾਰੇ ਜਾਣਕਾਰੀ ਅਤੇ ਅਰਥ ਬਦਲੇ ਬਗੈਰ ਵਾਕ-ਵਟਾਂਦਰਾ ਕਰਨਾ।
- **ਅਖਾਣ (ਅਖਾਉਤਾਂ)–** ਸਿਆਣਿਆਂ ਦੀਆਂ ਆਖੀਆਂ ਉਹ ਗੱਲਾਂ ਜਿਹਨਾਂ ਵਿੱਚ ਕੋਈ ਅਟੱਲ ਸੱਚਾਈ ਲੁਕੀ ਹੁੰਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਚੱਲਦੀਆਂ ਰਹਿੰਦੀਆਂ ਹਨ। ਇਹਨਾਂ ਨੂੰ ਵਾਕਾਂ ਵਿੱਚ ਵਰਤਣ ਨਾਲ ਇਹਨਾਂ ਦੇ ਲਿੰਗ, ਵਚਨ ਜਾਂ ਕਾਲ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ।
- **ਮੁਹਾਵਰੇ –** ਉਹ ਸ਼ਬਦ ਸਮੂਹ ਜਿਹਨਾਂ ਦੇ ਅੰਤ ਵਿੱਚ ਨਾ, ਨੀ, ਣਾ, ਣੀ ਜਾਂ ਆਂ ਕਾਰਦੰਤਕ ਲੱਗਿਆ ਹੁੰਦਾ ਹੈ, ਇਹਨਾਂ ਨੂੰ ਲਿੰਗ, ਵਚਨ, ਪੁਰਖ ਜਾਂ ਕਾਲ ਅਨੁਸਾਰ ਵਾਕ ਵਿੱਚ ਵਰਤਿਆ ਜਾਂਦਾ ਹੈ।

ਵਾਕ-ਵਟਾਂਦਰਾ ਕਰਾਉਣ ਲਈ ਅਧਿਆਪਕ ਹੇਠ ਲਿਖੀਆਂ ਅਧਿਆਪਨ ਵਿਧੀਆਂ ਅਪਣਾ ਸਕਦੇ ਹਨ। ਉਂਝ ਕਿਸੇ ਵੀ ਇੱਕ ਵਿਧੀ ਉੱਤੇ ਸਥਿਰ ਰਹਿਣਾ ਨਾ ਤਾਂ ਜ਼ਰੂਰੀ ਹੁੰਦਾ ਹੈ ਅਤੇ ਨਾ ਹੀ ਫਾਇਦੇਮੰਦ।

- ਵਿਆਕਰਨ ਜਿਹੇ ਜਟਿਲ ਵਿਸ਼ੇ ਨੂੰ ਸਮਝਣ ਲਈ ਜਮਾਤ ਵਿੱਚ ਸ਼ਾਂਤਮਈ ਸੁਖਾਵਾਂ ਵਾਤਾਵਰਨ ਪੈਦਾ ਕਰਨਾ।
- ਗਣਿਤ ਦੇ ਫਾਰਮੂਲੇ ਦੀ ਤਰਾਂ ਵਿਆਕਰਨ ਦੇ ਨਿਯਮਾਂ ਨੂੰ ਵਿਦਿਆਰਥੀਆਂ ਦੇ ਦਿਮਾਗ ਵਿੱਚ ਬਿਠਾਉਣਾ ਅਤੇ ਨਿਯਮਾਂ ਅਨੁਸਾਰ ਹੀ ਇਸਦੀ ਵਰਤੋਂ ਕਰਨੀ ਦੱਸਣਾ।
- ਵਾਕ-ਵਟਾਂਦਰਾ ਕਰਾਉਣ ਤੋਂ ਪਹਿਲਾਂ ਇੱਕ ਚਾਰਟ, ਫਲੈਸ਼ ਕਾਰਡ ਜਾਂ ਪੀ.ਪੀ.ਟੀ. ਦੁਆਰਾ ਵਾਕ ਦੀਆਂ ਕਿਸਮਾਂ ਦਾ ਗਿਆਨ ਦੇਣਾ। ਜਿਵੇਂ




- ਵਾਕ-ਵਟਾਂਦਰੇ ਦਾ ਮੁੱਖ ਨਿਯਮ- ਬਿਨਾਂ ਅਰਥ ਬਦਲੇ ਵਾਕ ਨੂੰ ਬਦਲਣਾ ਹੁੰਦਾ ਹੈ। ਇਹ ਗੱਲ ਵਿਦਿਆਰਥੀਆਂ ਨੂੰ ਸਮਝਾਉਣਾ ਜਰੂਰੀ ਹੈ । ਇਸ ਤੋਂ ਇਲਾਵਾ ਕਰਤਾ, ਕਰਮ, ਸਮਾਨ ਯੋਜਕ ਅਤੇ ਅਧੀਨ ਯੋਜਕ ਬਾਰੇ ਗਿਆਨ ਵਾਕਾਂ ਦੇ ਵਿਹਾਰਕ ਪ੍ਰਯੋਗ ਰਾਹੀਂ ਦੱਸਣਾ।

ਉਦਾਹਰਨ:

i. ਮਿਹਨਤ ਕਰਨ ਵਾਲੇ ਵਿਦਿਆਰਥੀ ਪਾਸ ਹੁੰਦੇ ਹਨ। (ਸਧਾਰਨ ਵਾਕ)

ii. ਵਿਦਿਆਰਥੀ ਮਿਹਨਤ ਕਰਦੇ ਹਨ ਇਸ ਲਈ ਪਾਸ ਹੁੰਦੇ ਹਨ। (ਸੰਯੁਗਤ ਵਾਕ)


iii. ਜੋ ਵਿਦਿਆਰਥੀ ਮਿਹਨਤ ਕਰਦੇ ਹਨ, ਉਹ ਪਾਸ ਹੁੰਦੇ ਹਨ। (ਮਿਸ਼ਰਤ ਵਾਕ)

iv. ਕੀ ਮਿਹਨਤ ਕਰਨ ਵਾਲੇ ਵਿਦਿਆਰਥੀ ਪਾਸ ਹੁੰਦੇ ਹਨ? (ਪ੍ਰਸ਼ਨਵਾਚਕ ਵਾਕ)

v. ਮਿਹਨਤ ਕਰਨ ਵਾਲੇ ਵਿਦਿਆਰਥੀ ਫੇਲ੍ਹ ਨਹੀਂ ਹੁੰਦੇ। (ਨਾਂਹਵਾਚਕ ਵਾਕ)

- ਵਾਕ-ਵਟਾਂਦਰੇ ਨੂੰ ਰੋਚਕ ਬਣਾਉਣ ਲਈ ਪੂਰੀ ਜਮਾਤ ਨੂੰ ਇਸ ਵਿੱਚ ਸ਼ਾਮਲ ਕਰਨਾ। ਜਮਾਤ ਨੂੰ ਸਮੂਹਾਂ ਵਿੱਚ ਵੰਡਣਾ, ਇੱਕ ਸਮੂਹ ਵੱਲੋਂ ਕੋਈ ਵਾਕ ਬੋਲਣਾ ਅਤੇ ਦੂਜੇ ਸਮੂਹ ਵੱਲੋਂ ਵੱਖ-ਵੱਖ ਤਰ੍ਹਾਂ ਦੀ ਵਾਕ ਬਦਲੀ ਕਰਨਾ।
- ਬੱਚਿਆਂ ਨੂੰ ਉਤਸਾਹਿਤ ਕਰਨ ਲਈ ਉਹਨਾਂ ਵਿੱਚ ਪ੍ਰਤੀਯੋਗਤਾ ਕਰਵਾਉਣਾ।

ਅਖਾਣ, ਮੁਹਾਵਰੇ -ਅਖਾਣ ਅਤੇ ਮੁਹਾਵਰੇ ਆਦਿ ਸਾਡਾ ਸੱਭਿਆਚਾਰਕ ਅੰਗ ਅਤੇ ਅਮੀਰ ਵਿਰਸਾ ਹਨ। ਇਹ ਲੋਕਯਾਨ ਦਾ ਹਿੱਸਾ ਹਨ। ਇਹਨਾਂ ਵਿੱਚ ਸਾਡੇ ਆਮ ਲੋਕਾਂ ਦਾ ਅਥਾਹ ਗਿਆਨ ਅਤੇ ਅਟੱਲ ਸੱਚਾਈਆਂ ਸਮੋਈਆਂ ਹਨ। ਇਸ ਲਈ ਇਹਨਾਂ ਦੀ ਅਧਿਆਪਨ ਵਿਧੀ ਇਸੇ ਤੱਤ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਅਧਿਆਪਕ ਵਰਗ ਪਿਛਲੀਆਂ ਜਮਾਤਾਂ ਵਿੱਚ ਪ੍ਰਾਪਤ ਕੀਤੇ ਵਿਦਿਆਰਥੀਆਂ ਦੇ ਗਿਆਨ ਨੂੰ ਅਧਾਰ ਬਣਾ ਕੇ ਵਿਸ਼ੇ ਪ੍ਰਤੀ ਰੋਚਕਤਾ ਪੈਦਾ ਕਰਨਗੇ।




- ਲਿਖਤੀ ਅਤੇ ਮੌਖਿਕ ਪ੍ਰਤੀਯੋਗਿਤਾ।
- ਫਲੈਸ਼ ਕਾਰਡ ਜਾਂ ਚਾਰਟ ਉੱਤੇ ਲਿਖ ਕੇ ਸਥਿਤੀ ਸਪਸ਼ਟ ਕਰਨਾ।
- ਅਖਾਣਾਂ, ਮੁਹਾਵਰਿਆਂ ਨੂੰ ਕਾਰਟੂਨ ਜਾਂ ਤਸਵੀਰ ਬਣਾ ਕੇ ਰੋਚਕਤਾ ਪੈਦਾ ਕਰਨਾ।

- ਇਹਨਾਂ ਵਿੱਚ ਛੁਪੇ ਜੀਵਨ ਅਨੁਭਵ ਸਾਂਝੇ ਕਰਨਾ ਤਾਂ ਜੋ ਵਿਦਿਆਰਥੀ ਇਹਨਾਂ ਦੀ ਸਹੀ ਸਥਿਤੀ ਜਾਂ ਅਰਥ ਸਮਝ ਕੇ ਇਹਨਾਂ ਦੀ ਠੀਕ ਵਰਤੋਂ ਕਰ ਸਕਣ।
- ਅਖਾਣ/ਮੁਹਾਵਰਿਆਂ ਨੂੰ ਇਕੱਠੇ ਕਰਨ ਲਈ ਗਤੀਵਿਧੀ ਕਰਾਉਣਾ ਅਤੇ ਪੂਰੀ ਜਮਾਤ ਦੀ ਇਸ ਵਿੱਚ ਸ਼ਮੂਲੀਅਤ ਹੋਣਾ।
- ਨਵੇਂ ਸਿੱਖੇ ਅਖਾਣ ਅਤੇ ਮੁਹਾਵਰੇ ਜਮਾਤ ਵਿੱਚ ਬੁਲਵਾ ਕੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਨਾ।
- ਵਾਰ-ਵਾਰ ਅਭਿਆਸ ਰਾਹੀਂ ਇਹਨਾਂ ਦੇ ਸ਼ਬਦਾਂ, ਵਾਕਾਂ ਜਾਂ ਵਾਕੰਸ਼ਾਂ ਵਿੱਚੋਂ ਅਰਥਾਂ ਨੂੰ ਸਮਝਣ ਦੀ ਸੂਝ ਵਿਕਸਿਤ ਕਰਨਾ।

**ਸਾਰ**

ਵਿਆਕਰਨ ਭਾਵੇਂ ਇੱਕ ਜਟਿਲ ਵਿਸ਼ਾ ਹੈ ਪਰ ਸਿਖਿਆਰਥੀ ਆਪਣੇ ਅਨੁਭਵ ਅਤੇ ਗਤੀਵਿਧੀ ਰਾਹੀਂ ਇਸਨੂੰ ਰੌਚਕ, ਸੌਖਾ ਅਤੇ ਪ੍ਰਭਾਵਸ਼ਾਲੀ ਬਣਾ ਕੇ ਵਿਦਿਆਰਥੀਆਂ ਤਕ ਪਹੁੰਚਾ ਸਕਦਾ/ਸਕਦੀ ਹੈ। ਇਸਦੇ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਪੜ੍ਹਾਉਣ ਵਿਧੀ ਨੂੰ ਰੌਚਕ ਬਣਾ ਕੇ ਇਸ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਦਿਲਚਸਪੀ ਪੈਦਾ ਕਰ ਸਕਦੇ ਹਨ ਅਤੇ ਚੰਗੇ ਅੰਕ ਲਿਆਉਣ ਯੋਗ ਬਣਾ ਸਕਦੇ ਹਨ।

◆◆◆◆◆

# 6. ਪੰਜਾਬੀ ਸੱਭਿਆਚਾਰ ਅਧਾਰਿਤ ਸ਼ਬਦਾਵਲੀ

- ਡਾ. ਸੁਰਿੰਦਰ ਸਿੰਘ

ਕਿਸੇ ਵੀ ਭਾਸ਼ਾ ਦੀ ਸ਼ਬਦਾਵਲੀ/ਸ਼ਬਦ ਭੰਡਾਰ ਉਸਦਾ ਵਡਮੁੱਲਾ ਖਜ਼ਾਨਾ ਹੈ ਜੋ ਉਸ ਭਾਸ਼ਾ ਦੀ ਅਮੀਰੀ ਨੂੰ ਦਰਸਾਉਂਦਾ ਹੈ। ਪੰਜਾਬੀ ਭਾਸ਼ਾ ਦਾ ਸ਼ਬਦ-ਭੰਡਾਰ ਬਹੁਤ ਵਿਸ਼ਾਲ ਹੈ। ਪੰਜਾਬੀ ਭਾਸ਼ਾ ਨੇ ਦੂਜੀਆਂ ਭਾਸ਼ਾਵਾਂ ਤੋਂ ਤਤਸਮ ਤੇ ਤਤਭਵ ਰੂਪ ਵਿੱਚ ਬਹੁਤ ਸਾਰੇ ਸ਼ਬਦਾਂ ਨੂੰ ਗ੍ਰਹਿਣ ਕੀਤਾ ਹੈ।

ਪੰਜਾਬੀ ਵਿਸ਼ੇ ਦੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਪਾਠਕ੍ਰਮ ਵਿੱਚ ਸ਼ਾਮਿਲ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਸਮਝਣਯੋਗ ਬਣਾਉਣ ਦਾ ਇੱਕ ਉਪਰਾਲਾ ਇਸ ਅਧਿਆਇ ਅਧੀਨ ਕੀਤਾ ਜਾ ਰਿਹਾ ਹੈ। ਸ਼ਬਦ ਭੰਡਾਰ ਹੇਠਾਂ ਲਿਖੇ ਅਨੁਸਾਰ ਹੈ:

| | |
|---|---|
| ਵਸੀਲੇ - | ਸ੍ਰੋਤ, ਸੰਸਾਧਨ |
| ਨਿੱਕ-ਸੁੱਕ - | ਛੋਟਾ-ਮੋਟਾ |
| ਹੁਲਾਸ - | ਖੁਸ਼ੀ |
| ਤਿੱਥ - | ਮਿਤੀ, ਤਰੀਕ |
| ਧਾੜਵੀਆਂ - | ਹਮਲਾਵਰਾਂ |
| ਮਾੜੀ - | ਇੱਟਾਂ ਜੋੜ ਕੇ ਬਣਾਈ ਗਈ ਮੜੀ (ਸਥਾਨਕ ਦੇਵੀ-ਦੇਵਤਿਆਂ ਦੇ ਪੂਜਣ ਦੀ ਥਾਂ) |
| ਪਤਿਆਉਣ - | ਅਜਮਾਉਣ |
| ਚੋਖੀ ਮਾਤਰਾ - | ਕਾਫੀ ਜ਼ਿਆਦਾ ਮਾਤਰਾ |
| ਟੋਭੇ - | ਛੱਪੜ, ਤਲਾਅ |
| ਮੁਰੀਦਾਂ - | ਭਗਤਾਂ, ਆਸ਼ਕਾਂ |
| ਖਾਨਗਾਹਾਂ - | ਪੀਰਾਂ ਦੀਆਂ ਕਬਰਾਂ/ਸਮਾਧਾਂ |
| ਹਿਜ਼ਰਤ - | ਪਲਾਇਨ |
| ਜੂਝਣ - | ਸੰਘਰਸ਼ |
| ਜੂਹਾਂ - | ਕਿਸੇ ਇਲਾਕੇ ਦੀ ਹੱਦ |
| ਮੋਕਲੀ - | ਖੁੱਲੀ |
| ਮਕਾਣਾਂ - | ਕਿਸੇ ਜੀਅ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕਰਨ ਆਏ ਲੋਕ |
| ਲੂਆਂ - | ਗਰਮ ਹਵਾਵਾਂ |
| ਲਾਂਬੂ - | ਚਿਤਾ ਨੂੰ ਅੱਗ ਲਾਉਣ ਲਈ ਵਰਤੇ ਜਾਣ ਵਾਲੇ ਕਾਨੇ/ਲੱਕੜੀ |
| ਰਿੰਨ੍ਹੀਆਂ - | ਪਕਾਈਆਂ/ਪਕਾਉਣਾ |

| | |
|---|---|
| ਸ੍ਰਾਧਾਂ - | ਪਿੱਤਰਾਂ ਨੂੰ ਪੂਜਣਾ |
| ਪਰੋਸੇ ਵੰਡਣਾ - | ਮਠਿਆਈ/ਭਾਜੀ ਵੰਡਣਾ |
| ਸਰਘੀ ਵੇਲੇ- | ਸਵੇਰੇ ,ਤੜਕੇ |
| ਉਸਲਵੱਟੇ - | ਆਕੜਾਂ ਭੰਨਣਾ/ਅੰਗੜਾਈ ਲੈਣਾ |
| ਤਰਜਮਾਨੀ - | ਵਿਆਖਿਆ, ਮੁਲਾਂਕਣ |
| ਦੱਭ - | ਹਰਾ ਘਾਹ |
| ਛੂਛਕ - | ਬੱਚੇ ਦੇ ਜੰਮਣ ਉੱਤੇ ਨਾਨਕਿਆਂ ਵੱਲੋਂ ਦਿੱਤੀਆਂ ਜਾਂਦੀਆਂ ਸੁਗਾਤਾਂ |
| ਟਿੱਚਰਾਂ - | ਮਖੌਲ ਕਰਨਾ |
| ਫੂਹੜੀ ਵਿਛਾਉਣਾ- | ਸੱਥਰ ਵਿਛਾਉਣਾ |
| ਕੰਙਣਾ- | ਵਿਆਹ ਪਿੱਛੋਂ ਲਾੜਾ ਤੇ ਲਾੜੀ ਵਲੋਂ ਖੇਡੀ ਜਾਣ ਵਾਲੀ ਰਸਮ |
| ਸਿਵਿਆਂ - | ਸ਼ਮਸ਼ਾਨ ਘਾਟ |
| ਕੌਡੀਆਂ - | ਛੋਟੀ ਸਿੱਪੀ |
| ਬਨੇਰੇ - | ਛੱਤ ਦਾ ਕਿਨਾਰਾ/ਮੰਡੇਰ |
| ਤਲਾਅ - | ਇਸ਼ਨਾਨ ਕਰਨ ਲਈ ਵਧੇਰੀ ਮਾਤਰਾ ਵਿੱਚ ਇਕੱਠਾ ਕੀਤਾ ਜਲ |
| ਪੀਹੜਾ - | ਬੈਠਣ ਲਈ ਬਣਾਈ ਚਾਰ ਪਾਵਿਆਂ ਵਾਲੀ ਪੀੜੀ |
| ਵੱਟ - | ਤਿਊੜੀ |

ਬੂਰੀਆਂ ਝੋਟੀਆਂ - ਮੱਝ ਦੀ ਇਕ ਨਸਲ
ਜਮਾਇਸਾਂ - ਜਮਾਉਣਾ
ਚਾਟੀਆਂ - ਦੁੱਧ ਰਿੜਕਣ ਵਾਲਾ ਭਾਂਡਾ
ਘਾੜ - ਬਣਾਉਣਾ
ਪੈਲਾਂ - ਨੱਚਣਾ
ਕੁੱਛੜ - ਗੋਦੀ
ਤੰਬੂ - ਟੈਂਟ
ਕਨਾਤਾਂ - ਸ਼ਾਮਿਆਨਾ /ਪਰਦਾ
ਤਣੀਆਂ - ਖਿੱਚ ਪਾਉਣ ਵਾਲੀਆਂ ਰੱਸੀਆਂ
ਫੁੰਮਣ - ਸੂਤ ਦਾ ਗੁੱਛਾ /ਫੁੱਲ ਦੀ ਸ਼ਕਲ ਦਾ ਗੁੱਛਾ
ਤੋੜਿਆ - ਘੜਿਆ
ਕੋਰੀ - ਨਵੀਂ
ਅਮਲਾਂ ਦੇ - ਕਰਮਾਂ ਦੇ
ਲਿੱਪਣਾ - ਮਿੱਟੀ ਤੇ ਗੋਹੇ ਨਾਲ ਪੁਤਾਈ ਕਰਨਾ
ਵੈਲੀ - ਅਮਲੀ, ਕਿਸੇ ਐਬ/ਆਦਤ ਦਾ ਆਦੀ
ਹਾੜ੍ਹੀ - ਰਬੀ ਦੀ ਫ਼ਸਲ
ਪਾਵਾ - ਚੌਂਕੀ,ਮੰਜੇ ਜਾਂ ਕੁਰਸੀ ਆਦਿ ਦੀ ਲੱਤ
ਬਿਰਛਾਂ/ਬਿਰਖਾਂ - ਦਰੱਖਤਾਂ
ਕੂੰਜ - ਇੱਕ ਪੰਛੀ
ਮੋਘਾ - ਸੁਰਾਖ/ਆਲਾ
ਨਾਲਾ - ਪਾਣੀ ਜਾਣ ਦਾ ਰਸਤਾ
ਪੱਬ - ਪੈਰ
ਵੰਗਾਂ /ਵੰਙਾ - ਚੂੜੀਆਂ
ਝੋਕ- ਝਾਕਣਾ
ਤਰੱਕਲਿਆਂ - ਸਵੇਰ ਦਾ ਵੇਲਾ
ਤਲੀਂਦੀ - ਤਲਿਆ ਜਾਣਾ ,ਤੜਫਣਾ
ਥੀਂਦੀ - ਮਿਲਦੀ
ਅਰਜ਼ - ਬੇਨਤੀ, ਅਰਦਾਸ
ਪੱਤਣਾਂ - ਕੰਡਾ ,ਕਿਨਾਰਾ
ਟੁੱਭੀਆਂ - ਪਾਣੀ ਵਿੱਚ ਗੋਤਾ ਮਾਰਨਾ
ਔਂਸੀਆਂ - ਸਿਸਕੀਆਂ
ਖੁਰ - ਪਸ਼ੂ ਦਾ ਪੰਜ, ਖੁਰਨਾ

ਦੁੰਮ - ਪੂਛ
ਗੋਹੜਿਆਂ - ਗੋਹੇ ਦੇ ਉਪਲੇ/ਪਾਥੀ
ਸਾਡੇ ਵਡਾਰੂ - ਸਾਡੇ ਬਜ਼ੁਰਗ ,ਪੁਰਖੇ
ਦਲ - ਪੜਾ, ਟੀਮ
ਬੱਲੀਆਂ - ਕਣਕ ਦੇ ਸਿੱਟੇ, ਲੱਕੜੀ ਦੀਆਂ ਡੰਡੀਆਂ
ਖੁੱਡਾਂ - ਸੱਪ ਜਾਂ ਚੂਹੇ ਦੇ ਬਿੱਲ
ਕੁੱਜੇ - ਮਿੱਟੀ ਦੇ ਛੋਟੇ ਬਰਤਨ
ਬੁੰਬਲਾਂ - ਪੁੰਗਰਿਆ ਅਨਾਜ
ਅਲਾਪਦੇ - ਗਾਉਂਦੇ ਹੋਏ
ਲੋਪ ਹੋਣਾ - ਖਤਮ ਹੋਣਾ , ਗੁਆਚਣਾ
ਘੱਲੇ ਹੋਏ - ਭੇਜੇ ਹੋਏ
ਸਾਕਾਂ - ਰਿਸ਼ਤੇਦਾਰਾਂ,ਦੋਸਤਾਂ
ਭੇਲੀ - ਗੁੜ ਦੀ ਪੇੜੀ ਜਾਂ ਪੇੜਾ
ਵਰੀ - ਵਿਆਂਹਦੜ ਕੁੜੀ ਲਈ ਮੁੰਡੇ ਵਾਲਿਆਂ ਵੱਲੋਂ ਲਿਆਉਂਦਾ ਗਿਆ ਸ਼ਿੰਗਾਰ ਦਾ ਸਮਾਨ
ਅਕਹਿ ਖੁਸ਼ੀ - ਬਹੁਤ ਖੁਸ਼ੀ
ਦਾਈ ਜਾਂ ਮਿੱਤ - ਵਾਰੀ
ਪੁੱਗਣਾ - ਵਾਰੀ ਨਿਸ਼ਚਿਤ ਕਰਨ ਦੀ ਪ੍ਰਕਿਰਿਆ
ਆਥਣ - ਸ਼ਾਮ ਦਾ ਵੇਲਾ
ਦੰਗਲ - ਘੋਲ
ਮੱਸਿਆ - ਹਨੇਰੇ ਪੱਖ ਦੀ ਪੰਦਰਵੀਂ ਤਿਥੀ
ਬਲੂਕੀ ਮਾਰਕੇ - ਛਲਾਂਗ ਮਾਰਕੇ
ਪਿੜ - ਮੈਦਾਨ
ਜੀਵਨ ਤੋਰ - ਜੀਵਨ ਚੱਕਰ ਦੀ ਚਾਲ
ਆਪ-ਮੁਹਾਰਾ - ਆਪਣੇ ਆਪ
ਖਿੱਤੇ - ਇਲਾਕੇ
ਰੋਹੀ - ਕੱਲਰੀ ਧਰਤੀ
ਫਾਵੀ - ਹਫ਼ਣਾ /ਹਫ਼ ਜਾਣਾ
ਗੁੜ੍ਹਤੀ - ਨਵੇਂ ਜਨਮੇ ਬੱਚਾ/ਬੱਚੀ ਨੂੰ ਚਟਾਇਆ ਜਾਣ ਵਾਲਾ ਗੁੜ, ਸ਼ਹੀਦ।

◆◆◆◆◆

# 7. ਪਾਠ-ਪੁਸਤਕ ਅਧਾਰਿਤ ਪਾਠ ਯੋਜਨਾ

- ਸਰਨਜੀਤ ਕੌਰ

## ਜਾਣ-ਪਛਾਣ

ਪਾਠ ਯੋਜਨਾ ਦੋ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ-ਪਾਠ ਅਤੇ ਯੋਜਨਾ। ਜਿਸਦਾ ਅਰਥ ਹੈ ਪਾਠ ਪੜ੍ਹਾਉਣ ਲਈ ਤਿਆਰ ਕੀਤੀ ਗਈ ਲਿਖਤੀ ਯੋਜਨਾ। ਇਕ ਅਧਿਆਪਕ ਜਦੋਂ ਵਿਦਿਆਰਥੀਆਂ ਨੂੰ ਪਾਠ ਪੜ੍ਹਾਉਣ ਤੋਂ ਪਹਿਲਾਂ ਜਿਸ ਯੋਜਨਾ ਨੂੰ ਲਿਖਤੀ ਰੂਪ ਵਿਚ ਰੂਪਮਾਨ ਕਰਦਾ ਹੈ, ਉਸਨੂੰ ਪਾਠ ਯੋਜਨਾ ਕਿਹਾ ਜਾਂਦਾ ਹੈ। ਪਾਠ ਯੋਜਨਾ ਬਣਾਉਣ ਵਿੱਚ ਉਸਦੇ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਕੇ ਵਿਸ਼ੇ ਨੂੰ ਇਕ ਵਿਉਂਤ ਅਨੁਸਾਰ ਪੇਸ਼ ਕੀਤਾ ਜਾਂਦਾ ਹੈ।

## ਪਾਠ ਯੋਜਨਾ ਦੇ ਮਹੱਤਵਪੂਰਨ ਨੁਕਤੇ

1. ਪਾਠ ਦਾ ਉਦੇਸ਼ ਪੂਰਾ ਕਰਨਾ।
2. ਪਾਠ ਦੇ ਵਿਸ਼ੇ ਪ੍ਰਤੀ ਚੇਤੰਨ ਰਹਿਣਾ।
3. ਨਿਰਧਾਰਿਤ ਸਮੇਂ ਵਿੱਚ ਪਾਠ ਸੰਪੂਰਨ ਕਰਨਾ।
4. ਜਮਾਤ ਅਤੇ ਵਿਦਿਆਰਥੀਆਂ ਦੀ ਸਮੱਰਥਾ ਨੂੰ ਧਿਆਨ ਵਿੱਚ ਰੱਖਣਾ।
5. ਪਾਠਗਤ ਗਤੀਵਿਧੀਆਂ ਨੂੰ ਸ਼ਾਮਿਲ ਕਰਨਾ।
6. ਸਹਾਇਕ ਸਮੱਗਰੀ ਦੀ ਸੂਚੀ ਤਿਆਰ ਕਰਨਾ।
7. ਵਿਦਿਆਰਥੀਆਂ ਦੇ ਪੂਰਵ-ਗਿਆਨ ਦੀ ਪਰਖ ਕਰਨਾ।
8. ਵਿਸ਼ੇ ਨੂੰ ਕ੍ਰਮਗਤ ਵਿਦਿਆਰਥੀਆਂ ਦੇ ਸਨਮੁੱਖ ਰੱਖਣਾ।
9. ਦੁਹਰਾਈ ਦਾ ਕਾਰਜ ਲਾਜ਼ਮੀ ਤੌਰ 'ਤੇ ਕਰਨਾ।
10. ਵਿਦਿਆਰਥੀਆਂ ਨੂੰ ਘਰ ਦਾ ਕੰਮ ਕਰਨ ਲਈ ਪ੍ਰੇਰਿਤ ਕਰਨਾ।
11. ਵਿਦਿਆਰਥੀਆਂ ਨੂੰ ਪ੍ਰੀਖਿਆ ਲਈ ਤਿਆਰ ਕਰਨਾ।

## ਪਾਠ ਯੋਜਨਾ ਦਾ ਮਹੱਤਵ

ਇਕ ਵਧੀਆ ਤਰੀਕੇ ਨਾਲ ਤਿਆਰ ਕੀਤੀ ਪਾਠ-ਯੋਜਨਾ ਜਿੱਥੇ ਜਮਾਤ ਵਿਚਲੀਆਂ ਸਾਰੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਹੱਤਵਪੂਰਨ ਹੁੰਦੀ ਹੈ ਉੱਥੇ ਪਾਠ ਪੜ੍ਹਾਉਣ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਵੀ ਸਹਾਈ ਹੁੰਦੀ ਹੈ। ਇਕ ਸਫ਼ਲ ਪਾਠ ਯੋਜਨਾ ਹੀ ਅਧਿਆਪਕ ਦੇ ਮੰਤਵ ਨੂੰ ਪੂਰਾ ਕਰਨ ਦੇ ਨਾਲ ਨਾਲ ਸੁਖਾਵੇਂ ਨਤੀਜੇ ਪ੍ਰਾਪਤ ਕਰ ਸਕਣ ਵਿੱਚ ਕਾਰਜਸ਼ੀਲ ਸਾਬਿਤ ਹੁੰਦੀ ਹੈ। ਇਹ ਅਧਿਆਪਕ ਅਤੇ ਵਿਦਿਆਰਥੀ ਵਿੱਚ ਅਜਿਹਾ ਤਾਲਮੇਲ ਸਿਰਜਣ ਦਾ ਕੰਮ ਕਰਦੀ ਹੈ ਜਿਸ ਨਾਲ ਦੋਵੇਂ ਪਾਠ ਦੇ ਆਲੇ-ਦੁਆਲੇ ਇਕ ਵਿਸ਼ਾਲ ਸੰਸਾਰ ਸਿਰਜ ਕੇ ਗਿਆਨ ਰੂਪੀ ਬੁਲੰਦੀਆ ਨੂੰ ਛੂਹੰਦੇ ਹਨ।

# ਪਾਠ ਯੋਜਨਾ

**ਜਮਾਤ**:- ਬਾਰ੍ਹਵੀ      **ਸਮਾਂ**:- 40 ਮਿੰਟ

**ਵਿਸ਼ਾ**:- ਪੰਜਾਬੀ      **ਉਪ-ਵਿਸ਼ਾ**:- ਮਾੜਾ ਬੰਦਾ (ਕਹਾਣੀ)

**ਸਧਾਰਨ ਸਮੱਗਰੀ** – ਚਾਕ, ਚਾਕ ਝਾੜਨ, ਬਲੈਕ-ਬੋਰਡ ਅਤੇ ਸੰਕੇਤਕ।

**ਵਿਸ਼ੇਸ਼ ਸਮੱਗਰੀ** – ਕਹਾਣੀ ਨਾਲ ਸੰਬੰਧਤ ਪਾਠ-ਪੁਸਤਕ, ਚਾਰਟ ਅਤੇ ਸਲਾਈਡਾਂ।

## ਸਧਾਰਨ ਉਦੇਸ਼

1. ਵਿਦਿਆਰਥੀਆਂ ਦੀ ਬੁੱਧੀ ਦਾ ਵਿਕਾਸ ਕਰਨਾ।
2. ਵਿਦਿਆਰਥੀਆਂ ਦੀ ਮਾਤ-ਭਾਸ਼ਾ ਨੂੰ ਸਿੱਖਣ ਵਿੱਚ ਰੁਚੀ ਪੈਦਾ ਕਰਨਾ।
3. ਵਿਦਿਆਰਥੀਆਂ ਦੀ ਕਲਪਨਾ ਸ਼ਕਤੀ ਦਾ ਵਿਕਾਸ ਕਰਨਾ।

## ਵਿਸ਼ੇਸ਼ ਉਦੇਸ਼

1. ਵਿਦਿਆਰਥੀਆਂ ਨੂੰ ਕਹਾਣੀ ਦੇ ਵਿਸ਼ੇ ਬਾਬਤ ਜਾਣਕਾਰੀ ਦੇਣਾ।
2. ਵਿਦਿਆਰਥੀਆਂ ਨੂੰ ਕਹਾਣੀ ਦੇ ਪਾਤਰਾਂ ਤੋਂ ਜਾਣੂ ਕਰਵਾਉਣਾ।
3. ਵਿਦਿਆਰਥੀਆਂ ਨੂੰ ਇਮਾਨਦਾਰ ਅਤੇ ਮਿਹਨਤੀ ਬਣਨ ਲਈ ਪ੍ਰੇਰਿਤ ਕਰਨਾ।

## ਪੂਰਵ-ਗਿਆਨ ਦੀ ਪਰਖ

1. ਬੱਚਿਓ, ਗਰੀਬੀ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ---- ਮਿਹਨਤ ਕਰਕੇ
2. ਗਰੀਬ ਇਨਸਾਨ ਕਿਵੇਂ ਮਿਹਨਤ ਕਰਦਾ ਹੈ? ---- ਨੇਕ ਕੰਮ ਕਰਕੇ
3. ਕੀ ਸਾਨੂੰ ਮਿਹਨਤ ਕਰਨ ਵਾਲੇ ਦੀ ਕਦਰ ਕਰਨੀ ਚਾਹੀਦੀ ਹੈ? ---- ਹਾਂ ਜੀ
4. ਸਾਨੂੰ ਆਪਣਾ ਕੰਮ ਕਿਵੇਂ ਕਰਨਾ ਚਾਹੀਦਾ ਹੈ? ---- ਮਿਹਨਤ/ਇਮਾਨਦਾਰੀ ਨਾਲ
5. ਕੀ ਤੁਸੀਂ ਮਿਹਨਤ ਤੇ ਇਮਾਨਦਾਰੀ ਨਾਲ ਸੰਬੰਧਤ ਕੋਈ ਕਹਾਣੀ ਸੁਣਾ ਸਕਦੇ ਹੋ? ---- ਅਸੰਤੋਸ਼ਜਨਕ ਉੱਤਰ

## ਉਪ-ਵਿਸ਼ੇ ਦੀ ਜਾਣਕਾਰੀ

ਵਿਦਿਆਰਥੀਆਂ ਪਾਸੋਂ ਪੂਰਵ-ਗਿਆਨ ਦੇ ਅੰਤਿਮ ਪ੍ਰਸ਼ਨ ਦਾ ਅਸੰਤੋਸ਼ਜਨਕ ਉੱਤਰ ਪ੍ਰਾਪਤ ਕਰਨ ਉਪਰੰਤ ਉਪ-ਵਿਸ਼ੇ ਦੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਮਾੜਾ ਬੰਦਾ ਕਹਾਣੀ ਦੇ ਸੰਕੇਤ ਬਿੰਦੂ ਦੱਸਦੇ ਹੋਏ ਕਹਾਣੀ ਪਾਠ ਆਰੰਭ ਕੀਤਾ ਜਾਵੇਗਾ।

| ਸਿੱਖਣ-ਬਿੰਦੂ/ ਵਿਸ਼ਾ-ਵਸਤੂ | ਅਧਿਆਪਕ ਕਿਰਿਆ | ਵਿਦਿਆਰਥੀ ਕਿਰਿਆ | ਬਲੈਕ ਬੋਰਡ/ ਚਾਰਟ |
|---|---|---|---|
| ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਕਹਾਣੀ ਵਿੱਚ ਮੱਧ-ਵਰਗੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। | ਬਲੈਕ-ਬੋਰਡ 'ਤੇ ਪਾਠ-ਗਤ ਵਿਵਰਣ ਦੇਣ ਉਪਰੰਤ ਕਹਾਣੀ ਸੁਣਾਈ ਜਾਵੇਗੀ। | ਵਿਦਿਆਰਥੀ ਕਹਾਣੀ ਵਿੱਚ ਦਿਲਚਸਪੀ ਲੈ ਕੇ ਸੁਣਨਾ ਆਰੰਭ ਕਰਨਗੇ। | ਮਿਤੀ:-<br>ਵਿਸ਼ਾ:- ਪੰਜਾਬੀ<br>ਲਾਜ਼ਮੀ ਪੰਜਾਬੀ-12ਵੀਂ ਕਹਾਣੀ |

| | | | |
|---|---|---|---|
| ਇਕ ਪਤੀ-ਪਤਨੀ (ਜੋੜੇ) ਦਾ ਪੈਸਿਆਂ ਨੂੰ ਲੈ ਕੇ ਰਿਕਸ਼ੇ ਵਾਲੇ ਨਾਲ ਖਹਿਬੜਨਾ ਅਤੇ ਪ੍ਰਤਿਕਰਮ ਵਜੋਂ ਰਿਕਸ਼ੇ ਵਾਲੇ ਦਾ ਪੈਸੇ ਵਗਾਹ ਕੇ ਮਾਰਨਾ ਅਤੇ ਕਾਫ਼ੀ ਸਮੇਂ ਤੱਕ ਕੋਠੀ ਬਾਹਰ ਖੜ੍ਹੇ ਰਹਿਣਾ, ਅਜਿਹੀ ਸਥਿਤੀ ਵਿੱਚੋਂ ਉਪਜਦੀ ਪਾਤਰਾਂ ਦੀ ਮਨੋਸਥਿਤੀ ਬਾਬਤ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇਗਾ। | | | ਮਾੜਾ ਬੰਦਾ<br>(ਪ੍ਰੇਮ ਪ੍ਰਕਾਸ਼) |
| ਕਹਾਣੀ ਦੇ ਅਗਲੇ ਪੜਾਅ 'ਤੇ ਆ ਕੇ ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਕੁਝ ਸਮਾਂ ਬਾਹਰ ਖੜ੍ਹੇ ਰਹਿਣ ਮਗਰੋਂ ਰਿਕਸ਼ੇ ਵਾਲਾ ਪੈਸੇ ਲਏ ਬਿਨਾਂ ਚਲਾ ਜਾਂਦਾ ਹੈ ਤਾਂ ਦੋਵੇਂ ਪਤੀ-ਪਤਨੀ ਦੋਸ਼ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਦੋਸ਼ ਭਾਵਨਾ ਤੋਂ ਮੁਕਤ ਹੋਣ ਲਈ ਉਹ ਤਿੰਨ ਰੁਪਏ ਪਿੰਗਲਵਾੜੇ ਨੂੰ ਦੇਣ ਬਾਬਤ ਸਲਾਹ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਮਾੜਾ ਬੰਦਾ ਨਾ ਸਮਝਿਆ ਜਾਵੇ। | ਔਖੇ ਸ਼ਬਦਾਂ ਵਾਲਾ ਚਾਰਟ ਵਿਦਿਆਰਥੀਆਂ ਨੂੰ ਦਿਖਾਇਆ ਜਾਵੇਗਾ ਅਤੇ ਵਿਦਿਆਰਥੀਆਂ ਨੂੰ ਔਖੇ ਸ਼ਬਦਾਂ ਦੇ ਅਰਥ ਸਮਝਾਏ ਜਾਣਗੇ। | ਵਿਦਿਆਰਥੀ ਨੇ ਔਖੇ ਸ਼ਬਦਾਂ ਦੇ ਅਰਥ ਕਾਪੀ 'ਤੇ ਲਿਖਣਗੇ। | ਕਹਾਣੀ- ਮਾੜਾ ਬੰਦਾ<br>ਔਖੇ ਸ਼ਬਦਾਂ ਦੇ ਅਰਥ:<br>1 ਖਿਝੀ-ਗੁੱਸੇ ਵਾਲੀ<br>2 ਕੁੱਬੀ-ਵਿੰਗੀ<br>3 ਤੱਕਿਆ-ਦੇਖਿਆ<br>4 ਪੁਆੜਾ-ਝਗੜਾ<br>5 ਬੂਹੇ-ਦਰਵਾਜ਼ੇ<br>6 ਝਾਤੀ ਮਾਰੀ-ਨਜ਼ਰ ਮਾਰੀ<br>7 ਖ਼ਲਾਸੀ-ਖਹਿੜਾ ਛਡਾਉਣਾ<br>8 ਪੋਥੀ-ਧਾਰਮਿਕ ਕਿਤਾਬ |
| ਵਿਦਿਆਰਥੀਆਂ ਨੂੰ ਪਾਤਰਾਂ ਬਾਬਤ ਸੰਪੂਰਨ ਜਾਣਕਾਰੀ ਬਲੈਕ-ਬੋਰਡ 'ਤੇ ਲਿਖ ਕੇ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀ ਮਨੋਸਥਿਤੀ ਨੂੰ ਜਮਾਤ ਵਿੱਚ ਚਰਚਾ ਦਾ ਆਧਾਰ ਬਣਾਇਆ ਜਾਵੇਗਾ। | ਵਿਦਿਆਰਥੀਆਂ ਨੂੰ ਪਾਤਰਾਂ ਨਾਲ ਸੰਬੰਧਿਤ ਜਾਣਕਾਰੀ ਲਿਖਵਾਈ ਜਾਵੇਗੀ ਜਿਸ ਨੂੰ ਆਧਾਰ ਬਣਾ ਕੇ ਉਹ ਪਾਤਰਾਂ ਦਾ ਪਾਤਰ-ਚਿਤਰਣ ਕਰ ਸਕਣਗੇ। | ਵਿਦਿਆਰਥੀ, ਜਮਾਤ ਵਿੱਚ ਹੋਣ ਵਾਲੀ ਚਰਚਾ ਵਿੱਚ ਭਾਗ ਲੈਣਗੇ ਅਤੇ ਮਹੱਤਵਪੂਰਨ ਨੁਕਤਿਆਂ ਨੂੰ ਕਾਪੀ 'ਤੇ ਲਿਖਣਗੇ। | ਪਾਤਰ:<br>1 ਰਿਕਸ਼ੇਵਾਲਾ<br>2 ਮੈਂ-ਪਾਤਰ (ਲੇਖਕ)<br>3 ਲੇਖਕ ਦੀ ਪਤਨੀ<br>4 ਲੇਖਕ ਦਾ ਪੁੱਤਰ |
| ਕਹਾਣੀ ਨੂੰ ਸਮਝਾਉਣ ਉਪਰੰਤ ਵਿਦਿਆਰਥੀਆਂ ਦੇ ਨਿੱਜੀ ਅਨੁਭਵਾਂ ਨੂੰ ਵਾਦ-ਵਿਵਾਦ ਦਾ ਹਿੱਸਾ ਬਣਾ ਕੇ ਜਮਾਤ ਵਿੱਚ ਵਿਚਾਰ-ਗੋਸ਼ਠੀ ਕਰਵਾਈ ਜਾਵੇਗੀ। | ਵਿਦਿਆਰਥੀਆਂ ਨੂੰ ਦੋ ਭਾਗਾਂ ਵਿੱਚ ਵੰਡ ਕੇ ਰਿਕਸ਼ੇ ਵਾਲੇ ਦੇ ਪੱਖ ਅਤੇ ਵਿਰੋਧ ਵਿੱਚ ਵਿਚਾਰ-ਚਰਚਾ ਕਰਵਾਈ ਜਾਵੇਗੀ। | ਵਿਦਿਆਰਥੀਆਂ ਵੱਧ-ਚੜ੍ਹ ਕੇ ਵਿਚਾਰ-ਚਰਚਾ ਦਾ ਹਿੱਸਾ ਬਣਨਗੇ ਅਤੇ ਆਪਣੇ ਅਨੁਭਵ ਸਾਂਝੇ ਕਰਨਗੇ। | ਆਡੀਓ - ਵੀਡੀਓ ਕਲੀਪਿੰਗ ਦਿਖਾਈ ਗਈ। |

| | | | |
|---|---|---|---|
| ਇਸ ਪੜਾਅ 'ਤੇ ਪੁੱਜ ਕੇ ਕਹਾਣੀ ਵਿਚੋਂ ਮਿਲਦੀ ਸਿੱਖਿਆ ਨੂੰ ਫਲੈਸ਼ ਕਾਰਡ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਦ੍ਰਿੜ ਕਰਵਾਇਆ ਜਾਵੇਗਾ ਅਤੇ ਕਹਾਣੀ ਪੜ੍ਹਾਉਣ ਦੇ ਉਦੇਸ਼ ਨੂੰ ਸਿੱਧ ਕੀਤਾ ਜਾਵੇਗਾ। | ਕਹਾਣੀ ਵਿਚੋਂ ਪ੍ਰਾਪਤ ਹੋਈ ਸਿੱਖਿਆ ਨੂੰ ਬੜੇ ਠਰ੍ਹਮੇ ਨਾਲ ਸਮਝਾਇਆ ਜਾਵੇਗਾ। | ਵਿਦਿਆਰਥੀ, ਕਹਾਣੀ ਵਿੱਚੋਂ ਪ੍ਰਾਪਤ ਹੋਈ ਸਿੱਖਿਆ ਨੂੰ ਗ੍ਰਹਿਣ ਕਰਨਗੇ ਅਤੇ ਹੁੰਗਾਰਾ ਭਰਨਗੇ। | ਸਿੱਖਿਆ: ਸਾਨੂੰ ਜਿੱਥੇ ਆਪ ਮਿਹਨਤ ਕਰਨੀ ਚਾਹੀਦੀ ਹੈ ਉੱਥੇ ਦੂਜੇ ਦੀ ਮਿਹਨਤ ਦਾ ਮੁੱਲ ਵੀ ਪਾਉਣਾ ਚਾਹੀਦਾ ਹੈ। |

## ਸਾਧਾਰਨੀਕਰਨ

ਸੋ ਬੱਚਿਓ, ਅੱਜ ਅਸੀਂ ਇਮਾਨਦਾਰੀ ਅਤੇ ਮਿਹਨਤ ਵਰਗੇ ਗੁਣਾਂ ਨੂੰ ਕਹਾਣੀ ਦੇ ਸੰਦਰਭ ਵਿੱਚ ਸਮਝਿਆ ਅਤੇ ਜਾਣਿਆ ਕਿ ਇਮਾਨਦਾਰੀ ਅਤੇ ਮਿਹਨਤ ਇਕ ਚੰਗੀ ਨੀਤੀ ਹੈ ਜਿਸ ਨਾਲ ਸਭ ਕੁਝ ਪ੍ਰਾਪਤ ਕੀਤਾ ਸਕਦਾ ਹੈ ਅਤੇ ਨਾਲ ਹੀ ਸਾਨੂੰ ਆਪਣੇ ਭਾਵਾਂ-ਮਨੋਭਾਵਾਂ 'ਤੇ ਕਾਬੂ ਰੱਖਕੇ ਦੂਜੇ ਦੀ ਮਿਹਨਤ ਦਾ ਵੀ ਮੁੱਲ ਪਾਉਣਾ ਚਾਹੀਦਾ ਹੈ।

## ਦੁਹਰਾਈ

1 ਲੇਖਕ ਕਹਾਣੀ ਵਿੱਚ ਕੀ ਦੱਸਣਾ ਚਾਹੁੰਦਾ ਹੈ?

2 ਰਿਕਸ਼ੇਵਾਲੇ ਦਾ ਵਤੀਰਾ ਕਿਹੋ ਜਿਹਾ ਸੀ?

3 ਕੀ ਤੁਸੀਂ ਲੇਖਕ ਅਤੇ ਉਸਦੀ ਪਤਨੀ ਦੇ ਰਿਕਸ਼ੇਵਾਲੇ ਪ੍ਰਤੀ ਕੀਤੇ ਵਤੀਰੇ ਨੂੰ ਸਹੀ ਮੰਨਦੇ ਹੋ? ਕਾਰਨ ਸਹਿਤ ਉੱਤਰ ਦਿਓ।

## ਘਰ ਦਾ ਕੰਮ

1. ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਕਹਾਣੀ ਦੇ ਕਿਸੇ ਇਕ ਪਾਤਰ ਦਾ ਪਾਤਰ-ਚਿਤਰਨ ਕਰੋ।
3. ਪਾਠਗਤ ਪ੍ਰਸ਼ਨ/ਉੱਤਰ ਕਾਪੀ 'ਤੇ ਕਰੋ।

◆◆◆◆◆

# 8. ਪਾਠਕ੍ਰਮ, ਨਮੂਨੇ ਦਾ ਪ੍ਰਸ਼ਨ-ਪੱਤਰ ਅਤੇ ਹੱਲ ਕਰਨ ਦੇ ਨੁਕਤੇ

- ਸੁਨੀਲ ਕੁਮਾਰ ਬੇਦੀ

## ਜਾਣ-ਪਛਾਣ

ਪਾਠਕ੍ਰਮ ਅਕਾਦਮਿਕ ਪ੍ਰਣਾਲੀ ਦਾ ਇੱਕ ਮਹੱਤਵਪੂਰਨ ਅੰਗ ਹੈ। ਪਾਠਕ੍ਰਮ ਇੱਕ ਵਿਆਪਕ ਧਾਰਨਾ ਹੈ। ਪੱਛਮੀ ਸਿੱਖਿਆ ਸ਼ਾਸਤਰੀ ਰੁਡਯਾਰਡ ਤੇ ਕੋਰਨਬਰਗਹੈਨਰੀ ਅਨੁਸਾਰ, "ਆਪਣੇ ਵਿਆਪਕ ਪਾਠਕ੍ਰਮ ਦੇ ਅੰਤਰਗਤ ਸਕੂਲ ਦਾ ਸਮੁੱਚਾ ਵਾਤਾਵਰਨ, ਸਾਰੇ ਕੋਰਸ, ਕਿਰਿਆਵਾਂ ਤੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਮੱਸਿਆਵਾਂ ਸ਼ਾਮਿਲ ਹੁੰਦੀਆ ਹਨ।" ਵਿਸ਼ਾ ਸਮੱਗਰੀ ਭਾਵ ਸਿਲੇਬਸ, ਪਾਠਕ੍ਰਮ ਦਾ ਇੱਕ ਅੰਗ ਹੈ। ਸਿਲੇਬਸ ਤਿਆਰ ਕਰਨ ਸਮੇਂ ਸਿੱਖਿਆ ਮਾਹਿਰਾਂ ਦੁਆਰਾ ਸਿਖਿਆਰਥੀਆਂ ਦੇ ਪੱਧਰ ਅਤੇ ਜ਼ਰੂਰਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।

## ਉਦੇਸ਼

1. ਸਿਖਿਆਰਥੀਆਂ ਨੂੰ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਸ਼ਾ ਕੇਂਦਰਿਤ ਪਾਠਕ੍ਰਮ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਹੋਵੇਗੀ।
2. ਨਮੂਨੇ ਦੇ ਪ੍ਰਸ਼ਨ ਪੱਤਰ ਨੂੰ ਹੱਲ ਕਰਨ ਦਾ ਅਭਿਆਸ ਕਰਕੇ ਸਿਖਿਆਰਥੀ ਸਲਾਨਾ ਪ੍ਰੀਖਿਆ ਲਈ ਤਿਆਰ ਹੋ ਜਾਣਗੇ।
3. ਪ੍ਰਸ਼ਨ-ਪੱਤਰ ਹੱਲ ਕਰਨ ਦੇ ਨੁਕਤਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਿਖਿਆਰਥੀ ਪ੍ਰਸ਼ਨ ਪੱਤਰ ਨੂੰ ਅਸਾਨੀ ਨਾਲ ਹੱਲ ਕਰਨ ਵਿੱਚ ਸਮਰੱਥ ਹੋ ਜਾਣਗੇ।

## ਪ੍ਰੀਖਿਆ ਨਾਲ ਸੰਬੰਧਿਤ ਆਮ ਹਿਦਾਇਤਾਂ-

1. ਸਿਖਿਆਰਥੀ ਨੂੰ ਪਾਠਕ੍ਰਮ ਅਤੇ ਨਮੂਨੇ ਦੇ ਪ੍ਰਸ਼ਨ ਪੱਤਰ ਬਾਰੇ ਸਪੱਸ਼ਟ ਗਿਆਨ ਹੋਣਾ ਚਾਹੀਦਾ ਹੈ।
2. ਪ੍ਰੀਖਿਆ ਕੇਂਦਰ ਵਿੱਚ ਜਾਣ ਤੋਂ ਪਹਿਲਾਂ ਆਪਣਾ ਰੋਲ ਨੰਬਰ, ਪੈਨ, ਪੈਂਸਿਲ, ਕਲਿਪ ਬੋਰਡ (ਗੱਤਾ) ਆਦਿ ਲਿਆਉਣਾ ਨਹੀਂ ਭੁੱਲਣਾ ਚਾਹੀਦਾ।
3. ਪ੍ਰੀਖਿਆ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ 'ਤੇ ਪਹੁੰਚ ਜਾਣਾ ਚਾਹੀਦਾ ਹੈ।
4. ਪ੍ਰੀਖਿਆ ਕੇਂਦਰ ਦੇ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ।
5. ਪ੍ਰੀਖਿਆ ਦੇ ਸ਼ੁਰੂ ਵਿੱਚ ਪ੍ਰਸ਼ਨ ਨੂੰ ਪੜ੍ਹਨ ਲਈ ਮਿਲਣ ਵਾਲੇ 15 ਮਿੰਟਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਸਮੇਂ ਵਿੱਚ ਪ੍ਰਸ਼ਨ ਪੱਤਰ ਅਤੇ ਉਸ ਵਿੱਚ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ।
6. ਪ੍ਰਸ਼ਨ-ਪੱਤਰ ਉੱਤੇ ਰੋਲ ਨੰਬਰ ਤੋਂ ਇਲਾਵਾ ਕੁਝ ਵੀ ਨਹੀਂ ਲਿਖਣਾ ਚਾਹੀਦਾ।
7. ਉੱਤਰ ਸ਼ੀਟ ਦੇ ਇੱਕ ਪਾਸੇ ਹਾਸ਼ੀਆ ਛੱਡ ਕੇ ਉੱਤਰ ਲਿਖਣੇ ਚਾਹੀਦੇ ਹਨ।
8. ਪ੍ਰਸ਼ਨ ਸਮਾਪਤ ਹੋਣ ਉਪਰੰਤ ਇੱਕ ਲਾਈਨ ਛੱਡ ਕੇ ਅਗਲਾ ਪ੍ਰਸ਼ਨ ਲਿਖਣਾ ਚਾਹੀਦਾ ਹੈ।


9. ਉੱਤਰ ਲਿਖਣ ਤੋਂ ਪਹਿਲਾਂ ਪ੍ਰਸ਼ਨ ਦੀ ਕ੍ਰਮ ਸੰਖਿਆ ਸਪੱਸ਼ਟ ਰੂਪ ਵਿੱਚ ਲਿਖੀ ਜਾਵੇ ਅਤੇ ਇੱਕ ਪ੍ਰਸ਼ਨ ਦੇ ਸਾਰੇ ਭਾਗ ਇੱਕੋ ਥਾਂ ਹੀ ਹੱਲ ਕੀਤੇ ਜਾਣ।
10. ਜੇ ਕੋਈ ਉੱਤਰ ਸ਼ੀਟ ਜਾਂ ਪ੍ਰਸ਼ਨ ਪੱਤਰ ਕੱਟਿਆ ਫਟਿਆ ਜਾਂ ਅਧੂਰਾ ਹੋਵੇ, ਜਾਂ ਕੋਈ ਪ੍ਰਸ਼ਨ ਪਾਠਕ੍ਰਮ ਤੋਂ ਬਾਹਰ ਹੋਵੇ ਜਾਂ ਗਲਤ ਹੋਵੇ ਤਾਂ ਉਸਦੀ ਸੂਚਨਾ ਨਿਗਰਾਨ ਨੂੰ ਤੁਰੰਤ ਦੇਣੀ ਚਾਹੀਦੀ ਹੈ।
11. ਪੇਪਰ ਹੱਲ ਕਰਨ ਤੋਂ ਬਾਅਦ ਆਪਣੀ ਉੱਤਰ-ਪੁਸਤਿਕਾ ਨੂੰ ਜ਼ਰੂਰ ਪੜ੍ਹੋ ਅਤੇ ਉੱਤਰਾਂ ਦੀ ਕ੍ਰਮ ਸੰਖਿਆ ਚੈੱਕ ਕਰੋ ਤਾਂ ਜੋ ਕੋਈ ਪ੍ਰਸ਼ਨ ਹੱਲ ਕਰਨਾ ਰਹਿ ਗਿਆ ਹੋਵੇ ਤਾਂ ਪਤਾ ਲੱਗ ਸਕੇ।

## ਬਾਰ੍ਹਵੀਂ ਬੋਰਡ ਦੀ ਪ੍ਰੀਖਿਆ ਨੂੰ ਹੱਲ ਕਰਨ ਦੇ ਨੁਕਤੇ

### ਅਡਵਾਂਸ ਪੜ੍ਹਨ ਕੌਸ਼ਲ

**ਅਣਡਿੱਠਾ ਪੈਰਾ-**

1. ਵਿਦਿਆਰਥੀ ਪੈਰੇ ਨੂੰ ਧਿਆਨ ਨਾਲ ਪੜ੍ਹਨ ਤੇ ਪੈਰੇ ਦੇ ਵਿਸ਼ੇ ਅਤੇ ਵਿਸ਼ੇ ਦੇ ਵਿਸਥਾਰ ਨੂੰ ਸਮਝਣ।
2. ਧਿਆਨ ਨਾਲ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰ ਲੈਣੀ ਚਾਹੀਦੀ ਹੈ।
3. ਉੱਤਰ ਕਾਪੀ ਵਿੱਚ ਲਿਖਣ ਸਮੇਂ ਸਿਰਫ ਵਿਕਲਪ ਲਿਖਣ ਦੀ ਥਾਵੇਂ ਵਿਕਲਪ ਦਾ ਪੂਰਾ ਉੱਤਰ ਲਿਖਿਆ ਜਾਵੇ।
4. ਸਾਰੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਅਤੇ ਇੱਕੋ ਥਾਵੇਂ ਲਿਖੇ ਜਾਣ।




1. ਪੱਤਰ ਦੀ ਕਿਸਮ ਦੇ ਅਨੁਰੂਪ ਹੀ ਪੱਤਰ ਰਚਨਾ ਕਰਨੀ ਚਾਹੀਦੀ ਹੈ। ਹਰ ਕਿਸਮ ਦੇ ਪੱਤਰ ਦਾ ਪ੍ਰਾਰੂਪ ਵੱਖਰਾ ਹੁੰਦਾ ਹੈ।
2. ਕਾਰ-ਵਿਹਾਰ ਦੇ ਪੱਤਰ ਰਚਨਾ ਦੇ ਨੁਕਤਿਆਂ ਬਾਰੇ ਸੁਝਾਅ ਇਸ ਤਰ੍ਹਾਂ ਹਨ।
   * ਇਹ ਇੱਕ ਧਿਰ ਵੱਲੋਂ ਦੂਜੀ ਧਿਰ ਨਾਲ ਕੇਵਲ ਕਾਰੋਬਾਰ ਦੇ ਸੰਬੰਧ ਵਿੱਚ ਗੱਲ-ਬਾਤ ਹੁੰਦੀ ਹੈ।
   * ਕਾਰ-ਵਿਹਾਰ ਦੇ ਪੱਤਰ ਵਿੱਚ ਭਾਸ਼ਾ ਸਪੱਸ਼ਟ ਤੇ ਸਿੱਧੀ ਹੋਣੀ ਚਾਹੀਦੀ ਹੈ।
   * ਪੱਤਰ ਦਾ ਵਿਸ਼ਾ/ਮਨੋਰਥ ਨਿਸ਼ਚਿਤ ਅਤੇ ਸਪੱਸ਼ਟ ਹੋਣਾ ਚਾਹੀਦਾ ਹੈ।
   * ਸ਼ਬਦ-ਜੋੜਾਂ, ਵਿਸਰਾਮ ਚਿੰਨ੍ਹਾਂ ਅਤੇ ਪੈਰ੍ਹਾ ਵੰਡ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

## ਇੱਕ ਆਦਰਸ਼ ਕਾਰ-ਵਿਹਾਰੀ ਪੱਤਰ ਦੇ ਭਾਗ ਹੇਠ ਦਿੱਤੇ ਗਏ ਹਨ:

I. ਪੱਤਰ-ਵਿਹਾਰ ਕਰਨ ਵਾਲੇ ਵਿਅਕਤੀ/ਸੰਸਥਾ ਦਾ ਨਾਂ-ਪਤਾ, ਟੈਲੀਫੂਨ, ਮੋਬਾਈਲ, ਈ ਮੇਲ ਨੰ: ਆਦਿ।

II. ਜਿਸਨੂੰ ਪੱਤਰ ਲਿਖਣਾ ਹੈ, ਉਸ ਦਾ ਨਾਂ ਅਤੇ ਪੂਰਾ ਪਤਾ।

III. ਪੱਤਰ ਦਾ ਵਿਸ਼ਾ

IV. ਸੰਬੋਧਨੀ ਸ਼ਬਦ

V. ਵਿਸ਼ੇ ਦਾ ਵੇਰਵਾ

VI. ਅੰਤਿਮ ਭਾਗ

### ਪੈਰਾ ਰਚਨਾ

ਪੈਰਾ ਰਚਨਾ ਥੋੜ੍ਹੇ ਸ਼ਬਦਾਂ ਵਿੱਚ ਬਹੁਤਾ ਕੁਝ ਆਖਣ ਦੀ ਜਾਚ ਹੈ। ਪੈਰਾ ਰਚਨਾ ਤੋਂ ਭਾਵ ਹੈ-ਕਿਸੇ ਦਿੱਤੇ ਹੋਏ ਵਿਸ਼ੇ ਉੱਤੇ ਇੱਕ ਪੈਰੇ ਦੀ ਸੁਤੰਤਰ ਤੌਰ 'ਤੇ ਰਚਨਾ ਕਰਨਾ ਹੈ ।ਇਸ ਪੈਰੇ ਵਿੱਚ ਚੰਗੀ ਲਿਖਤ, ਗਠਨ, ਤਰਤੀਬ ਆਦਿ ਸਾਰੇ ਗੁਣ ਹੋਣੇ ਚਾਹੀਦੇ ਹਨ।ਇਕ ਚੰਗਾ ਪੈਰ੍ਹਾ ਲਿਖਣਾ ਇਕ ਹੁਨਰ ਹੈ ਤੇ ਹਰੇਕ ਹੁਨਰ ਵਾਂਗ ਇਹ ਵੀ ਲਗਾਤਾਰ ਅਭਿਆਸ ਦੀ ਮੰਗ ਕਰਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਚੰਗੇ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਕੇ ਆਪ ਵੀ ਪੈਰੇ ਦੀ ਰਚਨਾ ਕਰਨ।

**ਪ੍ਰੀਖਿਆ ਵਿਚ ਪੈਰਾ ਰਚਨਾ ਵਾਲਾ ਪ੍ਰਸ਼ਨ ਕਰਨ ਲੱਗਿਆਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ**


* ਪ੍ਰਸ਼ਨ ਪੱਤਰ ਵਿੱਚ ਪੈਰਾ ਰਚਨਾ ਵਾਲਾ ਪ੍ਰਸ਼ਨ ਚੋਣ 'ਤੇ ਆਧਾਰਿਤ ਹੁੰਦਾ ਹੈ।
* ਵਿਦਿਆਰਥੀ ਨੂੰ ਕਿਸੇ ਇੱਕ ਵਿਸ਼ੇ 'ਤੇ ਪੈਰਾ ਰਚਨਾ ਕਰਨੀ ਹੋਵੇਗੀ।
* ਇਸ ਪ੍ਰਸ਼ਨ ਨੂੰ ਹੱਲ ਕਰਨ ਲੱਗਿਆਂ ਵਿਸ਼ੇ ਦੀ ਚੋਣ, ਅੰਕ ਵੰਡ, ਆਪਣੀ ਲਿਖਣ ਦੀ ਗਤੀ ਨੂੰ ਅਤੇ ਸਮੇਂ ਸੀਮਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।
* ਪੈਰ੍ਹੇ ਦਾ ਆਰੰਭ ਠੋਸ ਤੇ ਭਾਵਪੂਰਤ ਵਾਕਾਂ ਨਾਲ ਹੋਣਾ ਚਾਹੀਦਾ ਹੈ।
* ਸਾਹਿਤਕ ਅਤੇ ਟਕਸਾਲੀ ਭਾਸ਼ਾ ਦੀ ਵਰਤੋਂ ਕਰਦਿਆਂ ਆਪਣੇ ਮੌਲਿਕ ਵਿਚਾਰਾਂ ਨਾਲ ਪੈਰਾ ਰਚਨਾ ਕਰਨੀ ਚਾਹੀਦੀ ਹੈ।

## ਵਿਹਾਰਕ ਵਿਆਕਰਨ

### ਵਾਕ ਵਟਾਂਦਰਾ

**ਨੋਟ** - ਇਹ ਪ੍ਰਸ਼ਨ ਹੱਲ ਕਰਨ ਲਈ ਵਿਦਿਆਰਥੀ ਨੂੰ ਵਾਕ ਦੀ ਪਰਿਭਾਸ਼ਾ ਅਤੇ ਕਿਸਮਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਹੋਣੀ ਲਾਜ਼ਮੀ ਹੈ। ਸੋ ਸਹਾਇਤਾ ਲਈ ਇੱਥੇ ਵਾਕ ਦੀਆਂ ਕਿਸਮਾਂ ਬਾਰੇ ਸੰਕੇਤਕ ਅਤੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ।






* ਇਸ ਪ੍ਰਸ਼ਨ ਦਾ ਉੱਤਰ ਲਿਖਣ ਤੋਂ ਪਹਿਲਾਂ ਦਿੱਤੇ ਗਏ ਵਾਕ ਨੂੰ ਧਿਆਨ ਨਾਲ ਪੜ੍ਹ ਕੇ ਉਸਦੀ ਕਿਸਮ ਨੂੰ ਸਮਝਣਾ ਚਾਹੀਦਾ ਹੈ।
* ਇਸ ਪ੍ਰਸ਼ਨ ਦਾ ਉੱਤਰ ਵਾਕ ਦੇ ਸਾਹਮਣੇ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਹੀ ਦਿੱਤਾ ਜਾਵੇ।
* ਵਾਕ ਦਾ ਰੂਪ ਬਦਲਣ ਸਮੇਂ ਵਾਕ ਦਾ ਅਰਥ ਨਹੀਂ ਬਦਲਣਾ ਚਾਹੀਦਾ।

### ਅਖਾਣ / ਅਖਾਉਤਾਂ / ਕਹਾਵਤਾਂ

* ਪ੍ਰੀਖਿਆ ਤੋਂ ਪਹਿਲਾਂ ਸਿੱਖਿਆਰਥੀਆਂ ਨੂੰ ਅਖਾਉਤਾਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ।
* ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਜਾਵੇ ਕਿ ਅਖਾਉਤਾਂ ਦੀ ਭਾਸ਼ਾ ਸਿੱਧੇ ਰੂਪ ਵਿੱਚ ਕੋਈ ਅਰਥ ਸਪੱਸ਼ਟ ਕਰਦੀ ਹੈ।
* ਪਾਠ ਪੁਸਤਕ ਵਿੱਚ ਦਿੱਤੀਆਂ ਗਈਆਂ ਅਖਾਉਤਾਂ ਦਾ ਵਾਰ-ਵਾਰ ਅਭਿਆਸ ਕਰਨਾ ਚਾਹੀਦਾ ਹੈ।
* ਉਸਦੇ ਅਰਥ ਨੂੰ ਸਮਝ ਕੇ ਸਥਿਤੀ ਅਨੁਸਾਰ ਵਰਤਣ ਦਾ ਅਭਿਆਸ ਕਰਨਾ ਚਾਹੀਦਾ ਹੈ।

## ਪਾਠ ਪੁਸਤਕ ਆਧਾਰਿਤ

### ਪ੍ਰਸੰਗ ਸਹਿਤ ਵਿਆਖਿਆ ਸੰਬੰਧੀ ਨੁਕਤੇ

* ਪ੍ਰਸੰਗ ਸਹਿਤ ਵਿਆਖਿਆ ਵਾਲੇ ਪ੍ਰਸ਼ਨ ਦਾ ਉੱਤਰ ਦੋ ਭਾਗਾਂ ਵਿੱਚ ਲਿਖਿਆ ਜਾਵੇਗਾ।
* ਪਹਿਲੇ ਭਾਗ ਵਿੱਚ ਦਿੱਤੇ ਗਏ ਕਾਵਿ ਪੈਰੇ ਦਾ ਪ੍ਰਸੰਗ ਭਾਵ ਕਵੀ, ਕਵਿਤਾ ਅਤੇ ਉਸ ਕਵਿਤਾ ਦੇ ਸੰਦਰਭ ਬਾਰੇ ਜਾਣਕਾਰੀ ਲਿਖੇਗਾ।
* ਦੂਜੇ ਭਾਗ ਵਿੱਚ ਦਿੱਤੀ ਗਈ ਕਵਿਤਾ ਦੇ ਸੰਦਰਭ ਅਨੁਸਾਰ ਸਪੱਸ਼ਟ ਸ਼ਬਦਾਂ ਵਿੱਚ ਵਿਆਖਿਆ ਕੀਤੀ ਜਾਵੇ।

### ਪਾਠ-ਪੁਸਤਕ ਸੰਬੰਧੀ ਬਹੁ-ਵਿਕਲਪੀ ਪ੍ਰਸ਼ਨ ਹੱਲ ਕਰਨ ਦੇ ਨੁਕਤੇ

* ਵਿਦਿਆਰਥੀ ਬਹੁਵਿਕਲਪੀ ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹੇਗਾ।
* ਹਰ ਪ੍ਰਸ਼ਨ ਦੇ ਦਿੱਤੇ ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੇਗਾ।

### ਕਵਿਤਾ, ਕਹਾਣੀ ਅਤੇ ਪੰਜਾਬੀ ਸੱਭਿਆਚਾਰ ਵਾਲੇ ਪਾਠਾਂ ਨਾਲ ਸੰਬੰਧਿਤ ਛੋਟੇ ਪ੍ਰਸ਼ਨ ਹੱਲ ਕਰਨ ਦੇ ਨੁਕਤੇ

* ਪੁੱਛੇ ਗਏ ਸੰਬੰਧਿਤ ਪ੍ਰਸ਼ਨ ਦਾ ਸੰਖੇਪ ਵਿੱਚ ਉੱਤਰ ਦਿੱਤਾ ਜਾਣਾ ਚਾਹੀਦਾ ਹੈ।
* ਵੱਡੇ ਉੱਤਰ ਵਾਲੇ ਪ੍ਰਸ਼ਨਾਂ ਵਿੱਚ ਕਹਾਣੀ ਦਾ ਸਾਰ, ਵਿਸ਼ਾ ਵਸਤੂ, ਪਾਤਰ ਚਿਤਰਨ ਜਾਂ ਕੋਈ ਹੋਰ ਵੱਡਾ

ਪ੍ਰਸ਼ਨ ਪੁੱਛਿਆ ਜਾ ਸਕਦਾ ਹੈ।

* ਕਹਾਣੀ ਦਾ ਸਾਰ- ਕਹਾਣੀ ਦਾ ਸਾਰ ਲਿਖਦੇ ਸਮੇਂ ਕਹਾਣੀ ਨੂੰ ਆਪਣੇ ਸ਼ਬਦਾਂ ਰਾਹੀਂ ਸੰਖੇਪ ਵਿੱਚ ਲਿਖਣਾ ਚਾਹੀਦਾ ਹੈ।
* ਕਹਾਣੀ ਦਾ ਵਿਸ਼ਾ- ਲੇਖਕ ਉਸ ਕਹਾਣੀ ਵਿੱਚ ਕੀ ਕਹਿਣਾ/ਕੀ ਸੰਦੇਸ਼ ਦੇਣਾ ਚਾਹੁੰਦਾ ਹੈ, ਉਸ ਬਾਰੇ ਲਿਖਣਾ ਚਾਹੀਦਾ ਹੈ।
* ਪਾਤਰ-ਚਿਤਰਨ - ਸੰਬੰਧਿਤ ਪਾਤਰ ਦੀ ਕਹਾਣੀ ਵਿੱਚ ਜਾਣ-ਪਛਾਣ, ਸਰੀਰਕ ਦਿੱਖ, ਮਾਨਸਿਕ, ਸਮਾਜਿਕ ਆਦਿ ਪੱਖਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।

ਨੋਟ- ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਸਥਾਰਪੂਰਵਕ ਸਿਲੇਬਸ, ਬਲੂਪ੍ਰਿੰਟ ਅਤੇ ਬਾਰ੍ਹਵੀਂ ਜਮਾਤ ਦੇ ਨਮੂਨੇ ਦੇ ਪ੍ਰਸ਼ਨ-ਪੱਤਰ ਅਤੇ ਸੰਬੰਧਤ ਨਵੀਨਤਮ ਜਾਣਕਾਰੀ ਲਈ CBSE ਦੀ ਵੈੱਬਸਾਈਟ www.cbseacademic.nic.in ਨੂੰ ਲਗਾਤਾਰ ਚੈੱਕ ਕਰਦੇ ਰਹੋ।

## ਪੰਜਾਬੀ-104

### ਜਮਾਤ- XI

**ਭਾਸ਼ਾ**

### ਅਡਵਾਂਸ ਪੜ੍ਹਨ ਕੌਸ਼ਲ

1. ਜਾਣਕਾਰੀ ਭਰਪੂਰ ਇੱਕ ਅਣਡਿੱਠਾ ਪੈਰਾ ਤੇ ਉਸ ਨਾਲ ਸੰਬੰਧਿਤ 8 ਬਹੁ-ਵਿਕਲਪੀ ਪ੍ਰਸ਼ਨ 8 ਅੰਕ

### ਪ੍ਰਭਾਵਸ਼ਾਲੀ ਲਿਖਣ-ਕੌਸ਼ਲ

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪੁੱਛੇ ਜਾਣਗੇ

2. ਅਖ਼ਬਾਰਾਂ ਦੇ ਸੰਪਾਦਕ ਨੂੰ ਪੱਤਰ (ਚੋਣ ਆਧਾਰਿਤ) 7 ਅੰਕ
3. ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ 'ਤੇ ਲੇਖ 8 ਅੰਕ
   (ਅਪ੍ਰੈਲ 2013 ਤੋਂ ਮਾਰਚ 2024)

### ਵਿਹਾਰਕ ਵਿਆਕਰਨ 28

### ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ

(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਵਿੱਚ ਦਰਜ ਸ਼ਬਦਾਂ/ਵਾਕਾਂ 'ਤੇ ਆਧਾਰਿਤ

4. ਦਫ਼ਤਰੀ ਸ਼ਬਦਾਵਲੀ (ਅਤਿ ਛੋਟੇ ਉੱਤਰਾਂ ਵਾਲ਼ੇ)
5. ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਵਲੀ (ਅਤਿ ਛੋਟੇ ਉੱਤਰਾਂ ਵਾਲੇ)
6. ਬੈਂਕ, ਰੇਲਵੇ, ਡਾਕ, ਬੀਮਾ ਸੇਵਾਵਾਂ ਤੇ ਕੰਪਿਊਟਰ ਨਾਲ ਸੰਬੰਧਿਤ ਵਾਕ ( ਛੋਟੇ ਉੱਤਰਾਂ ਵਾਲ਼ੇ)
7. ਮੁਹਾਵਰੇ (ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ)
   (ਲਾਜ਼ਮੀ ਪੰਜਾਬੀ 11 ਪਾਠ ਪੁਸਤਕ ਵਿੱਚ ਦਰਜ ਮੁਹਾਵਰਿਆਂ'ਤੇ ਆਧਾਰਿਤ)
8. ਇਸ਼ਤਿਹਾਰ/ਸੱਦਾ-ਪੱਤਰ

9. ਲੋਕ-ਗੀਤਾਂ (ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ। ਬਹੁ-ਵਿਕਲਪੀ (ਚੋਣ ਆਧਾਰਿਤ)
10. ਲੋਕ-ਗੀਤਾਂ (ਬੋਲੀਆਂ, ਢੋਲਾ, ਮਾਹੀਆ, ਬੁਝਾਰਤਾਂ) ਬਹੁ-ਵਿਕਲਪੀ (ਚੋਣ ਆਧਾਰਿਤ)
11. ਲੋਕ-ਗੀਤਾਂ 'ਤੇ ਸੰਖੇਪ ਉੱਤਰ ਵਾਲ਼ੇ (ਚੋਣ ਆਧਾਰਿਤ)
12. ਦੰਤ-ਕਥਾਵਾਂ ਅਤੇ ਪ੍ਰੀਤ ਕਥਾਵਾਂ 'ਤੇ ਛੋਟੇ ਉੱਤਰ ਵਾਲੇ (ਚੋਣ ਆਧਾਰਿਤ)

## ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 11 (ਪੰਜਾਬ ਸਕੂਲ ਸਿੱਖਿਆ ਬੋਰਡ)

## ਨਮੂਨੇ ਦਾ ਪ੍ਰਸ਼ਨ-ਪੱਤਰ

**ਨੋਟ** - ਲਾਜ਼ਮੀ ਪੰਜਾਬੀ 11 ਪਾਠ ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।

**ਸਮਾਂ- 3 ਘੰਟੇ** **ਕੁੱਲ ਅੰਕ- 80**

**ਭਾਸ਼ਾ**

### 1. ਅਡਵਾਂਸ ਪੜ੍ਹਨ - ਕੌਸ਼ਲ

**ਆਮ ਨਿਰਦੇਸ਼-**

- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਨੂੰ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
- ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
- ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ- 8X1 = 8

ਮੁੱਢ ਕਦੀਮ ਤੋਂ ਹੀ ਇਮਤਿਹਾਨ ਸਿੱਖਿਆ ਪ੍ਰਣਾਲੀ ਦਾ ਅਹਿਮ ਤੇ ਜਰੂਰੀ ਹਿੱਸਾ ਰਹੇ ਹਨ। ਸਿੱਖਣ ਦੀ ਪ੍ਰਕਿਰਿਆ ਜੀਵਨ ਭਰ ਚੱਲਣ ਵਾਲੀ ਪ੍ਰਕਿਰਿਆ ਹੈ। ਗਿਆਨ ਕਦੇ ਸੰਪੂਰਨ ਨਹੀਂ ਹੁੰਦਾ।ਵਿਅਕਤੀ ਜੀਵਨ ਭਰ ਵਿਦਿਆਰਥੀ ਬਣਿਆ ਰਹਿੰਦਾ ਹੈ ਤੇ ਕੁਝ ਨਾ ਕੁਝ ਸਿੱਖਦਾ ਰਹਿੰਦਾ ਹੈ। ਹਾਸਿਲ ਕੀਤੇ ਗਿਆਨ ਦੀ ਪਰਖ ਜਿੰਦਗੀ ਵਿੱਚ ਦਰਪੇਸ਼ ਆਉਣ ਵਾਲੀਆਂ ਵੱਖ-ਵੱਖ ਕਿਸਮ ਦੀਆਂ ਚੁਣੌਤੀਆਂ ਦੁਆਰਾ ਹੋ ਜਾਂਦੀ ਹੈ। ਜਿੰਦਗੀ ਭਰ ਇਨਸਾਨ ਰਸਮੀ ਤੇ ਗੈਰ ਰਸਮੀਂ ਇਮਤਿਹਾਨਾਂ ਵਿੱਚੋਂ ਗੁਜਰਦਾ ਰਹਿੰਦਾ ਹੈ। ਪ੍ਰਾਪਤ ਕੀਤੇ ਗਿਆਨ ਦਾ ਮੁਲਾਂਕਣ ਜੀਵਨ ਵਿੱਚ ਆਉਣ ਵਾਲਿਆਂ ਚੁਣੌਤੀਆਂ ਦੁਆਰਾ ਹੁੰਦਾ ਰਹਿੰਦਾ ਹੈ। ਵਿਦਿਆਰਥੀਆਂ ਲਈ ਪ੍ਰੀਖਿਆ ਹਮੇਸ਼ਾ ਹੀ ਇੱਕ ਵੱਡੀ ਚੁਣੌਤੀ ਰਹੀ ਹੈ ਤੇ ਇਮਤਿਹਾਨ ਦਾ ਨਾਮ ਸੁਣਕੇ ਵਿਦਿਆਰਥੀਆਂ ਨੂੰ ਕਾਂਬਾ ਛਿੜ ਜਾਂਦਾ ਹੈ। ਪਰ ਕੁਝ ਵੀ ਹੋਵੇ ਸਕੂਲੀ ਜਾਂ ਕਾਲਜੀ ਸਿੱਖਿਆ ਪ੍ਰਬੰਧ ਵਿੱਚ ਲਿਖਤੀ ਪ੍ਰੀਖਿਆ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਸਿੱਖਿਆ ਤੇ ਪ੍ਰੀਖਿਆ ਇੱਕ ਦੂਜੇ ਦੇ ਪੂਰਕ ਹਨ। ਸਿੱਖਿਆ ਤੋਂ ਬਿਨਾਂ ਪ੍ਰੀਖਿਆ ਤੇ ਪ੍ਰੀਖਿਆ ਤੋਂ ਬਿਨਾਂ ਸਿੱਖਿਆ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਵਿਦਿਆਰਥੀ ਦਾ ਰਿਕਾਰਡ ਰੱਖਣ ਲਈ ਵੀ ਲਿਖਤੀ ਪ੍ਰੀਖਿਆ ਜਰੂਰੀ ਹੈ। ਅਸਲ ਵਿੱਚ ਇਮਤਿਹਾਨ ਕਾਰਨ ਹੋਣ ਵਾਲੇ ਤਣਾਅ ਦਾ ਮੁਕਾਬਲਾ ਕਰਨਾ

ਵੀ ਆਪਣੇ ਆਪ ਵਿੱਚ ਇੱਕ ਪ੍ਰੀਖਿਆ ਚੋਂ ਗੁਜ਼ਰਨਾ ਤੇ ਸਿੱਖਣਾ ਹੈ। ਸਿੱਖਿਆ ਵਿਦਿਆਰਥੀ ਕੇਂਦਰਿਤ ਹੋਣ ਕਰਕੇ ਪ੍ਰੀਖਿਆ ਕਾਰਨ ਹੋਣ ਵਾਲੇ ਤਣਾਅ ਨੂੰ ਘਟਾਉਣ ਲਈ ਅੱਜ ਕੱਲ੍ਹ ਮਨੋਵਿਗਿਆਨੀਆਂ ਦੁਆਰਾ ਵਿਦਿਆਰਥੀਆਂ ਨੂੰ ਤਣਾਅ ਪ੍ਰਬੰਧਨ ਬਾਰੇ ਵੀ ਸਲਾਹਾਂ ਦਿੱਤੀਆਂ ਜਾਂਦੀਆਂ ਹਨ। ਸਮੇਂ ਬਦਲਦਾ ਰਿਹਾ ਤੇ ਸਿੱਖਿਆ ਦਾ ਘੇਰਾ ਵਿਸ਼ਾਲ ਹੁੰਦਾ ਗਿਆ ਤੇ ਇਸਦੇ ਉਦੇਸ਼ਾਂ ਦਾ ਵੀ ਵਿਸਥਾਰ ਹੁੰਦਾ ਰਿਹਾ। ਸਿੱਖਿਆ ਧਰਮ, ਨੈਤਿਕ, ਸ਼ਸਤਰ ਵਿੱਦਿਆ ਆਦਿ ਤੋਂ ਅੱਗੇ ਆਧੁਨਿਕ ਵਿਸ਼ਿਆਂ ਤੇ ਕਿੱਤਾਮੁਖੀ ਸਿੱਖਿਆ ਤਕ ਪਹੁੰਚ ਗਈ ਪਰ ਪ੍ਰੀਖਿਆ ਅਜੋਕੀ ਰਸਮੀ ਸਿੱਖਿਆ ਪ੍ਰਣਾਲੀ ਵਿੱਚ ਬੇਰੋਕ ਜਾਰੀ ਹੈ।

1. ਕਦੋਂ ਤੋਂ ਹੀ ਇਮਤਿਹਾਨ ਸਿੱਖਿਆ ਪ੍ਰਣਾਲੀ ਦਾ ਅਹਿਮ ਤੇ ਜਰੂਰੀ ਹਿੱਸਾ ਰਹੇ ਹਨ?

   ੳ. 1980 ਤੋਂ   ਅ. ਮੁੱਢ ਕਦੀਮ ਤੋਂ

   ੲ. 2014 ਤੋਂ   ਸ. 2022 ਤੋਂ

2. ਉਹ ਕੀ ਹੈ ਜੋ ਕਦੇ ਸੰਪੂਰਨ ਨਹੀਂ ਹੁੰਦਾ?

   ੳ. ਉਮਰ   ਅ. ਜਵਾਨੀ

   ੲ. ਗਿਆਨ   ਸ. ਇਨਸਾਨ

3. ਸਕੂਲੀ ਜਾਂ ਕਾਲਜੀ ਸਿੱਖਿਆ ਪ੍ਰਬੰਧ ਵਿੱਚ ਕਿਸ ਨੂੰ ਵੱਖ ਨਹੀਂ ਕੀਤਾ ਜਾ ਸਕਦਾ?

   ੳ. ਇਮਾਰਤਾਂ ਨੂੰ   ਅ. ਲਿਖਤੀ ਪ੍ਰੀਖਿਆ

   ੲ. ਅਧਿਆਪਕਾਂ ਨੂੰ   ਸ. ਮੈਦਾਨ ਨੂੰ

4. ਵਿਦਿਆਰਥੀਆਂ ਲਈ ਪ੍ਰੀਖਿਆ ਹਮੇਸ਼ਾ ਤੋਂ ਕੀ ਰਹੀ ਹੈ?

   ੳ. ਵੱਡੀ ਚੁਣੌਤੀ   ਅ. ਸਰਲ

   ੲ. ਇੱਕ ਸਜਾ   ਸ. ਇੱਕ ਤੋਹਫ਼ਾ

5. ਸਮੇਂ ਦੇ ਬਦਲਣ ਨਾਲ ਕਿਸ ਦਾ ਘੇਰਾ ਵਿਸ਼ਾਲ ਹੁੰਦਾ ਗਿਆ?

   ੳ. ਸਿੱਖਿਆ ਦਾ   ਅ. ਸਿਹਤ ਵਿਗਿਆਨ ਦਾ

   ੲ. ਸਕੂਲਾਂ ਦਾ   ਸ. ਕਾਲਜਾਂ ਦਾ

6. ਪ੍ਰੀਖਿਆ ਕਾਰਨ ਹੋਣ ਵਾਲੇ ਤਣਾਅ ਨੂੰ ਘਟਾਉਣ ਲਈ ਕਿਸ ਦੁਆਰਾ ਵਿਦਿਆਰਥੀਆਂ ਨੂੰ ਸਲਾਹਾਂ ਦਿੱਤੀਆਂ ਜਾਂਦੀਆਂ ਹਨ?

   ੳ. ਪ੍ਰਿੰਸੀਪਲ ਦੁਆਰਾ   ਅ. ਹੋਮੀਓਪੈਥੀ ਡਾਕਟਰਾਂ ਦੁਆਰਾ

   ੲ. ਮਨੋਵਿਗਿਆਨੀਆਂ ਦੁਆਰਾ   ਸ. ਵੈਦਾਂ ਦੁਆਰਾ

7. ਅਜੋਕੀ ਸਿੱਖਿਆ ਪ੍ਰਣਾਲੀ ਕਿਸ 'ਤੇ ਕੇਂਦਰਿਤ ਹੈ?

   ੳ. ਆਧਿਆਪਕ 'ਤੇ   ਅ. ਪ੍ਰਿੰਸੀਪਲ 'ਤੇ

   ੲ. ਮਾਪਿਆਂ 'ਤੇ   ਸ. ਵਿਦਿਆਰਥੀ 'ਤੇ

8. ਇਮਤਿਹਾਨ ਦਾ ਨਾਮ ਸੁਣਕੇ ਵਿਦਿਆਰਥੀਆਂ 'ਤੇ ਕੀ ਅਸਰ ਹੁੰਦਾ ਹੈ?।

ੳ. ਸਿਰ ਦੁਖਣ ਲੱਗਦਾ ਹੈ — ਅ. ਕਾਂਬਾ ਛਿੜ ਜਾਂਦਾ ਹੈ

ੲ. ਘਬਰਾ ਜਾਂਦਾ ਹੈ — ਸ. ਹੱਥ ਦੁਖਣ ਲੱਗਦਾ ਹੈ

## 2. ਪ੍ਰਭਾਵਸ਼ਾਲੀ ਲਿਖਣ – ਕੌਸ਼ਲ

ਹੇਠ ਲਿਖਿਆਂ ਵਿੱਚੋਂ ਕਿਸ ਇੱਕ ਵਿਸ਼ੇ 'ਤੇ ਪੱਤਰ ਲਿਖੋ। 7 ਅੰਕ

ਟਰੈਫ਼ਿਕ ਦੀ ਸਮੱਸਿਆ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

ਜਾਂ

ਅਵਾਰਾ ਪਸ਼ੂਆਂ ਦੀ ਸਮੱਸਿਆ ਬਾਰੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ। ਅੰਕ 8

ਨੌਜਵਾਨਾਂ ਵਿੱਚ ਵੱਧਦੀ ਨਸ਼ਿਆਂ ਦੀ ਵਰਤੋਂ

ਜਾਂ

ਵੱਧਦੇ ਸਾਈਬਰ ਅਪਰਾਧ

## ਵਿਹਾਰਕ ਵਿਆਕਰਨ — ਅੰਕ 28

### ਦਫ਼ਤਰੀ ਸ਼ਬਦਾਵਲੀ

4. ਹੇਠਾਂ ਲਿਖੇ ਅੰਗਰੇਜ਼ੀ ਦੇ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ। $1\times5=5$

Applicant, Urgent, Increament, Pending, Confidential, Promotion, Director

5. ਹੇਠਾਂ ਲਿਖੇ ਅੰਗ੍ਰੇਜ਼ੀ ਦੇ ਸ਼ਬਦਾਂ ਵਿੱਚੋਂ ਕੋਈ ਪੰਜ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ। $1\times5=5$

Addiction, Document, Tenant, Census, Sample, Discount, Earthquake

6. ਹੇਠਾਂ ਲਿਖੇ ਅੰਗ੍ਰੇਜ਼ੀ ਦੇ ਵਾਕਾਂ ਵਿੱਚੋਂ ਕੋਈ ਚਾਰ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ। $4\times2=8$

i. Payment can be made in cash or by cheque

ii. Everyone should have an insurance in his life.

iii. Always keep your passbook and cheque book under proper custody .

iv. The ticket office remains open day and night.

v. E-Mail is used to send and receive messages.

vi. Keyboard has104 keys.

7. ਹੇਠਾਂ ਲਿਖੇ ਮੁਹਾਵਰਿਆਂ 'ਚੋਂ ਕੋਈ ਪੰਜ ਮੁਹਾਵਰਿਆਂ ਦੇ ਅਰਥ ਕਰਦੇ ਹੋਏ ਵਾਕ ਬਣਾਓ। $5\times1=5$

i. ਖ਼ੂਨ ਸਫ਼ੈਦ ਹੋਣਾ

ii. ਆਪਣੇ ਤਰਕਸ਼ ਵਿੱਚ ਤੀਰ ਹੋਣਾ

iii. ਹੱਥ ਉੱਤੇ ਹੱਥ ਰੱਖ ਕੇ ਬੈਠਣਾ

iv. ਫੁੱਲੇ ਨਾ ਸਮਾਉਣਾ

v. ਕਿਤਾਬੀ ਕੀੜਾ ਹੋਣਾ

vi. ਉਂਗਲਾਂ ਤੇ ਨਚਾਉਣਾ

vii. ਟੱਸ ਤੋਂ ਮੱਸ ਨਾ ਹੋਣਾ

8. ਇਸ਼ਤਿਹਾਰ/ਸੱਦਾ ਪੱਤਰ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 50 ਸ਼ਬਦ ਲਿਖੋ। ਅੰਕ 5

ਦਿੱਲੀ ਵਿੱਚ ਤੁਹਾਡਾ ਮਕਾਨ ਵਿਕਾਊ ਹੈ ਉਸ ਸੰਬੰਧੀ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।

ਜਾਂ

ਤੁਹਾਡੇ ਇਲਾਕੇ ਵਿੱਚ ਇੱਕ 'ਖ਼ੂਨ-ਦਾਨ ਕੈਂਪ' ਲੱਗ ਰਿਹਾ ਹੈ, ਤੁਸੀਂ 'ਮੁਹੱਲਾ ਸੁਧਾਰ ਸਮਿਤੀ' ਦੇ ਸਕੱਤਰ ਹੋ, ਇਲਾਕਾ ਨਿਵਾਸੀਆਂ ਨੂੰ ਇਸ ਬਾਰੇ ਸੂਚਨਾ ਦਿੰਦੇ ਹੋਏ ਇੱਕ ਸੱਦਾ ਪੱਤਰ ਲਿਖੋ।

9. ਹੇਠ ਲਿਖੇ ਲੋਕ-ਗੀਤਾਂ (ਸੁਹਾਗ, ਘੋੜੀਆਂ, ਸਿੱਠਣੀਆਂ ਤੇ ਟੱਪੇ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ ਕੋਈ ਛੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ - 6×1=6

**1. ਮੈਂ ਤੈਨੂੰ ਆਖਦੀ ਬਾਬਲਾ, ਮੇਰਾ ਅੱਸੂ ਦਾ ਕਾਜ ਰਚਾ।**

ਪ੍ਰ. ਧੀ (ਮੁਟਿਆਰ) ਆਪਣਾ ਵਿਆਹ ਕਿਸ ਮਹੀਨੇ ਕਰਨ ਲਈ ਕਹਿੰਦੀ ਹੈ?

ੳ. ਭਾਦੋਂ ਅ. ਫੱਗਣ

ੲ. ਪੋਹ ਸ. ਅੱਸੂ

**2. ਛੰਨਾ ਤਾਂ ਭਰਿਆ ਦੁੱਧ ਦਾ ਵਾਰੀ, ਨ੍ਹਾਵਣ ਚੱਲੀਆਂ ਤਲਾ।**

ਪ੍ਰ. ਬੇਟੀ ਕਿੱਥੇ ਨ੍ਹਾਵਣ ਜਾ ਰਹੀ ਹੈ?

ੳ. ਨਹਿਰ 'ਤੇ ਅ. ਤਲਾਅ

ੲ. ਖੂਹ 'ਤੇ ਸ. ਨਲਕੇ 'ਤੇ

**3. "ਹਰਿਆ ਨੀ ਮਾਲਣ, ਹਰਿਆ ਨੀ ਭੈਣੇ, ਹਰਿਆ ਤੇ ਭਾਗੀਂ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ, ਸੋਈਓ ਦਿਹਾੜਾ ਭਾਗੀਂ ਭਰਿਆ।"**

ਪ੍ਰ. ਇਸ ਲੋਕ ਗੀਤ ਕਿਸ ਦਿਹਾੜੇ ਨੂੰ ਭਾਗੀਂ ਭਰਿਆ ਕਿਹਾ ਗਿਆ ਹੈ?

ੳ. ਜਿਸ ਦਿਹਾੜੇ ਹਰਿਆ ਜੰਮਿਆ ਸੀ ਅ. ਮੱਸਿਆ ਦੇ ਦਿਹਾੜੇ ਨੂੰ

ੲ. ਪੁੰਨਿਆ ਦੇ ਦਿਹਾੜੇ ਨੂੰ ਸ. ਹਰਿਆ ਦੇ ਵਿਆਹ ਵਾਲੇ ਦਿਹਾੜੇ ਨੂੰ

**4. "ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ" ਘੋੜੀ ਵਿੱਚ ਸੁਰਜਣਾ ਕਿਸ ਨੂੰ ਕਿਹਾ ਗਿਆ ਹੈ?**

ੳ. ਲਾੜੇ ਨੂੰ ਅ. ਜਵਾਈ ਨੂੰ

ੲ. ਭਤੀਜੇ ਨੂੰ ਸ. ਸਰਵਾਲੇ ਨੂੰ

**5. "ਬਾਰਾਂ ਮਹੀਨੇ ਤੁਸੀਂ ਸੁਨਿਆਰ ਬਿਠਾਇਆ, ਚਾਂਦੀ ਦੇ ਗਹਿਣਿਆਂ 'ਤੇ ਪਾਣੀ ਫਿਰਾਇਆ, ਪਿੱਤਲ ਪਾਉਣਾ ਸੀ, ਨਿਲੱਜਿਓ ਲੱਜ ਤੁਹਾਨੂੰ ਨਹੀਂ।"**

ਪ੍ਰ. ਇਸ ਲੋਕਗੀਤ ਵਿੱਚ ਮੁੰਡੇ ਵਾਲਿਆਂ ਦੁਆਰਾ ਕਿਸ ਤਰ੍ਹਾਂ ਦੇ ਗਹਿਣਿਆਂ 'ਤੇ ਪਾਣੀ ਫਿਰਾਇਆ ਗਿਆ?

ੳ. ਪਿੱਤਲ ਦੇ　　　　　　　　　　　ਅ. ਤਾਂਬੇ ਦੇ

ੲ. ਚਾਂਦੀ ਦੇ　　　　　　　　　　　ਸ. ਲੋਹੇ ਦੇ

**6. "ਭਾਵੇਂ ਦੇਵੀਂ ਨਾ ਦਾਜ ਵਿੱਚ ਗਹਿਣੇ ਵਿੱਦਿਆ ਪੜ੍ਹਾ ਦੇ ਬਾਬਲਾ।"**

ਪ੍ਰ. ਧੀ ਦਾਜ ਵਿੱਚ ਬਾਬਲ ਤੋਂ ਗਹਿਣਿਆਂ ਦੀ ਥਾਂ 'ਤੇ ਕੀ ਮੰਗ ਕਰਦੀ ਹੈ ?

ੳ. ਜ਼ਮੀਨ-ਜਾਇਦਾਦ ਦੀ　　　　　　　　　ਅ. ਪੈਸਿਆਂ ਦੀ

ੲ. ਵਿੱਦਿਆ ਦੀ　　　　　　　　　　　ਸ. ਕੱਪੜਿਆਂ ਦੀ

**7. ਗੋਰੇ ਰੰਗ ਨੂੰ ਕੋਈ ਨਾ ਪੁੱਛਦਾ, ਮੁੱਲ ਪੈਂਦੇ ਅਕਲਾਂ ਦੇ ।**

ਪ੍ਰ. ਉਪਰੋਕਟ ਟੱਪੇ ਅਨੁਸਾਰ ਕਿਸ ਚੀਜ਼ ਦਾ ਮੁੱਲ ਪੈਂਦਾ ਹੈ?

ੳ. ਧਨ-ਦੌਲਤ ਦਾ　　　　　　　　　　ਅ. ਜੁੱਸੇ ਦਾ

ੲ. ਖੂਬਸੂਰਤੀ ਦਾ　　　　　　　　　　ਸ. ਅਕਲਾਂ ਦਾ

10. ਹੇਠ ਲਿਖੇ ਲੋਕ-ਗੀਤਾਂ (ਬੋਲੀਆਂ, ਢੋਲਾ, ਮਾਹੀਆ ਅਤੇ ਬੁਝਾਰਤਾਂ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ ਕੋਈ ਛੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਉ - 6X1= 6

**1. "ਮਲਮਲ ਦੇ ਤਾਂ ਕੁੜਤੇ ਪਾਉਂਦੇ, ਜਿਉਂ ਬਗਲਾ ਤਲਾ ਵਿੱਚ ਨ੍ਹਾਵੇ।"**

ਪ੍ਰ . ਇਸ ਬੋਲੀ ਵਿੱਚ ਪਿੰਡ ਦੇ ਮੁੰਡੇ ਕਿਸ ਤਰ੍ਹਾਂ ਦੇ ਕੁੜਤੇ ਪਾਉਂਦੇ ਹਨ ?

ੳ. ਮਲਮਲ ਦੇ　　　　　　　　　　　ਅ. ਟੇਰਿਕਾਟ ਦੇ

ੲ. ਸੂਤ ਦੇ　　　　　　　　　　　　ਸ. ਰੇਸ਼ਮ ਦੇ

**2. ਪਿੰਡ ਤਾਂ ਸਾਡੇ ਡੇਰਾ ਸਾਧ ਦਾ, ਮੈਂ ਸੀ ਗੁਰਮੁਖੀ ਪੜ੍ਹਦਾ।**

ਪ੍ਰ. ਡੇਰੇ ਵਿੱਚ ਜਾ ਕੇ ਕਿਹੜੀ ਭਾਸ਼ਾ ਪੜ੍ਹਨ ਦੀ ਗੱਲ ਕੀਤੀ ਗਈ ਹੈ?

ੳ. ਦੇਵਨਾਗਰੀ　　　　　　　　　　　ਅ. ਰੋਮਨ

ੲ. ਫ਼ਾਰਸੀ　　　　　　　　　　　　ਸ. ਗੁਰਮੁਖੀ

**3. "ਦੁਖਿਆਰੇ ਮਰ ਕਿਉਂ ਨਾ ਵੈਂਦੇ, ਕਦੀ ਮੂੰਹ ਮੰਗਿਆਂ ਮੌਤ ਵੀ ਥੀਂਦੀ?"**

ਪ੍ਰ. ਕਿਹੜੀ ਚੀਜ਼ ਹੈ ਜੋ ਮੰਗਿਆਂ ਵੀ ਨਹੀਂ ਮਿਲਦੀ?

ੳ. ਵਿੱਦਿਆ　　　　　　　　　　　　ਅ. ਮੌਤ

ੲ. ਬਿਮਾਰੀ　　　　　　　　　　　　ਸ. ਮਾਇਆ

**4. ਗੋਰੀ ਦੇ ਪੈਰੀਂ ਕਾਢਵੀਂ ਜੁੱਤੀ ਰੱਖਦੀ ਪੱਬ ਮਰੋੜ ਕੇ ।**

ਪ੍ਰ. ਇਸ ਢੋਲੇ ਵਿੱਚ ਗੋਰੀ ਦੇ ਪੈਰੀਂ ਕਿਹੜੀ ਜੁੱਤੀ ਪਾਈ ਹੋਈ ਹੈ?

ੳ. ਚਾਂਦੀ ਦੀ　　　　　　　　　　　ਅ. ਕਾਢਵੀਂ

ੲ. ਧੌੜੀ ਦੀ　　　　　　　　　　　ਸ. ਰਬੜ ਦੀ

**5. "ਰੰਗ ਖੁਰ ਗਿਆ ਖੇਸੀ ਦਾ ਅਸਾਂ ਇੱਥੋਂ ਟੁਰ ਜਾਣਾ, ਕੀ ਮਾਣ ਪਰਦੇਸੀ ਦਾ।"**

ਪ੍ਰ. ਉਪਰੋਕਤ ਮਾਹੀਏ ਅਨੁਸਾਰ ਕਿਸ ਉੱਤੇ ਮਾਣ ਨਹੀਂ ਹੈ?

ੳ. ਪਰਦੇਸੀ 'ਤੇ　　　　　ਅ. ਧਨ ਦੌਲਤ 'ਤੇ

ੲ. ਰੰਗ ਰੂਪ 'ਤੇ　　　　　ਸ. ਤਾਕਤ 'ਤੇ

**6. ਦੋ ਪੱਤਰ ਅਨਾਰਾਂ ਦੇ ਸਾਡੀ ਗਲੀ ਲੰਘ ਮਾਹੀਆ ਦੁੱਖ ਟੁੱਟਣ ਬਿਮਾਰਾਂ ਦੇ।**

ਮਾਹੀਏ ਨੂੰ ਕਿਥੋਂ ਦੀ ਲੰਘਣ ਲਈ ਕਿਹਾ ਜਾ ਰਿਹਾ ਹੈ?

ੳ. ਬਾਜ਼ਾਰ ਵਿੱਚੋਂ　　　　　ਅ. ਗਲੀ ਵਿੱਚੋਂ

ੲ. ਪਿੰਡ ਵਿੱਚੋਂ　　　　　ਸ. ਸ਼ਹਿਰ ਵਿੱਚੋਂ

**7. ਬੁਝਾਰਤ ਬੁੱਝੋ** – ਨਿੱਕੀ ਜਿਹੀ ਕੌਲੀ ਜਾ ਕਨੇਡਾ ਬੋਲੀ।

ੳ. ਟੈਲੀਫ਼ੋਨ　　　　　ਅ. ਵਾਇਰਲੈਸ

ੲ. ਕੰਪਿਊਟਰ　　　　　ਸ. ਰੇਲਗੱਡੀ

**8. ਬੁਝਾਰਤ ਬੁੱਝੋ** – ਚੋਰ ਦਾ ਦੁਸ਼ਮਣ ਬੰਦੇ ਦਾ ਯਾਰ ਪੀਵੇ ਇਹ ਦੁੱਧ ਮਾਰੇ ਸ਼ਿਕਾਰ।

ੳ. ਸ਼ੇਰ　　　　　ਅ. ਕੁੱਤਾ

ੲ. ਬਿੱਲਾ　　　　　ਸ. ਘੋੜਾ

11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ।　　3X3=9

i. 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਪੇਕੇ ਘਰੋਂ ਨਾ ਜਾਣ ਦੀਆਂ ਕੀ-ਕੀ ਦਲੀਲਾਂ ਦਿੰਦੀ ਹੈ?

ii. ਸਿੱਠਣੀਆਂ ਕਿਹੜੇ ਮੌਕੇ ਉੱਤੇ, ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

iii. 'ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ?

iv. 'ਬੁਝਾਰਤਾਂ ਤੋਂ ਕੀ ਭਾਵ ਹੈ ਅਤੇ ਇਨ੍ਹਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ?

12. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ ।　　4X2=8

i. ਰਾਜਾ ਸਲਵਾਨ ਨੇ ਆਪਣੇ ਪੁੱਤਰ ਪੂਰਨ ਨੂੰ ਭੋਰੇ ਵਿੱਚ ਰੱਖਣ ਦਾ ਹੁਕਮ ਕਿਉਂ ਦਿੱਤਾ?

ii. ਬਾਸ਼ਕ ਨਾਗ ਰਾਜਾ ਰਸਾਲੂ ਦਾ ਮਿੱਤਰ ਕਿਵੇਂ ਬਣ ਗਿਆ?

iii. ਦੁੱਲਾ ਲੋਕਾਂ ਵਿੱਚ ਹਰਮਨ ਪਿਆਰਾ ਕਿਵੇਂ ਹੋ ਗਿਆ?

iv. ਰਾਂਝੇ ਦੀ ਹੀਰ ਨਾਲ ਪਹਿਲੀ ਮੁਲਾਕਾਤ ਕਿਵੇਂ ਹੋਈ?

v. ਮਿਰਜ਼ਾ ਕਿਵੇਂ ਮਾਰਿਆ ਗਿਆ?

◆◆◆◆◆

# 9. ਪੰਜਾਬੀ ਭਾਸ਼ਾ ਅਤੇ ਕਿੱਤਾਮੁਖੀ ਅਵਸਰ

- ਪ੍ਰਕਾਸ਼ ਸਿੰਘ ਗਿੱਲ

### ਜਾਣ-ਪਛਾਣ

ਪੰਜਾਬੀ ਭਾਸ਼ਾ ਪੜ੍ਹਨ ਦਾ ਕੀ ਲਾਭ ਹੈ? ਕੀ ਵਿਦੇਸ਼ੀ ਭਾਸ਼ਾਵਾਂ ਪੜ੍ਹਨ, ਲਿਖਣ ਅਤੇ ਬੋਲਣ ਵਾਲਿਆਂ ਨੂੰ ਹੀ ਵਿਦਵਾਨ ਮੰਨਿਆ ਜਾਂਦਾ ਹੈ?

### ਉਦੇਸ਼

1. ਸੰਸਾਰ ਪੱਧਰ ਤੇ ਪੰਜਾਬੀ ਭਾਸ਼ਾ ਦੇ ਪਸਾਰੇ ਬਾਰੇ ਜਾਣਕਾਰੀ ਦੇਣਾ। ਇਹ ਦੱਸਣਾ ਕਿ ਪੰਜਾਬੀ ਭਾਸ਼ਾ ਵਿੱਚ ਰੁਜ਼ਗਾਰ ਦੇ ਇੱਕ ਨਹੀਂ ਸੈਂਕੜੇ ਮੌਕੇ ਉਪਲਬਧ ਹਨ।
2. ਰੁਜ਼ਗਾਰ ਦੇ ਮੌਕਿਆਂ ਦੀ ਨਿਸ਼ਾਨਦੇਹੀ ਕਰਨਾ।
3. ਸਕੂਲੀ ਅਤੇ ਕਾਲਜ ਪੱਧਰ ਤੇ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰਨ ਵਾਲੇ ਸਿਖਿਆਰਥੀਆਂ ਨੂੰ ਰੁਜ਼ਗਾਰ ਅਤੇ ਅੱਗੇ ਵਧਣ ਦੇ ਬੇਅੰਤ ਮੌਕਿਆਂ ਦੀ ਜਾਣਕਾਰੀ ਦੇਣਾ।
4. ਕੇਂਦਰ ਸਰਕਾਰ ਵੱਲੋਂ ਦੇਸ਼ ਦੀ ਸਭ ਤੋਂ ਵੱਕਾਰੀ (ਉੱਚ ਪੱਧਰੀ) ਪਰੀਖਿਆ ਵਿੱਚ ਪੰਜਾਬੀ ਭਾਸ਼ਾ ਨੂੰ ਮਾਣ ਸਤਿਕਾਰ ਦੇਣਾ ਤੇ ਪੰਜਾਬੀ ਭਾਸ਼ੀ ਵਿਦਿਆਰਥੀਆਂ ਵਾਸਤੇ ਤਰੱਕੀ ਦੇ ਖੁਲ੍ਹੇ ਰਾਹਾਂ ਸੰਬੰਧੀ ਜਾਣਕਾਰੀ ਦੇਣਾ।

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

ਇੱਕ ਸਰਵੇਖਣ ਅਨੁਸਾਰ ਦੁਨੀਆਂ ਭਰ ਦੇ 150 ਮੁਲਕਾਂ ਵਿੱਚ ਲਗਭਗ 15 ਕਰੋੜ ਲੋਕ ਪੰਜਾਬੀ ਭਾਸ਼ਾ ਬੋਲਣ ਵਾਲੇ ਹਨ। ਇਹ ਮੰਨਿਆ ਜਾਂਦਾ ਹੈ ਕਿ ਸੰਸਾਰ ਭਰ ਵਿੱਚ 6000 ਬੋਲੀਆਂ ਬੋਲੀਆਂ ਜਾਂਦੀਆਂ ਹਨ। ਜਿੰਨਾਂ ਵਿੱਚ ਪਹਿਲੀਆਂ 10 ਬੋਲੀਆਂ ਵਿੱਚ ਪੰਜਾਬੀ ਭਾਸ਼ਾ ਨੂੰ ਸ਼ਾਮਿਲ ਕੀਤਾ ਗਿਆ ਹੈ।

ਸਿੱਖਿਆ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਕੋਈ ਵੀ ਮਨੁੱਖ ਕਿੰਨੀਆਂ ਵੀ ਭਾਸ਼ਾਵਾਂ ਸਿੱਖ ਸਕਦਾ ਹੈ। ਗ਼ੈਰ ਪੰਜਾਬੀ ਭਾਸ਼ੀ ਵਿਦਿਆਰਥੀਆਂ ਨੂੰ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਦਾ ਗਿਆਨ ਆਪਣੇ ਘਰ ਆਲੇ-ਦੁਆਲੇ ਤੋਂ ਸੌਖੇ ਢੰਗ ਨਾਲ ਮਿਲ ਜਾਂਦਾ ਹੈ। ਲੇਕਿਨ ਇਹਨਾਂ ਭਾਸ਼ਾਵਾਂ ਦੇ ਨਾਲ-ਨਾਲ ਜੇਕਰ ਵਿਦਿਆਰਥੀਆਂ ਨੂੰ ਸਕੂਲ ਪੱਧਰ ਤੇ ਤੀਜੀ ਭਾਸ਼ਾ ਦੇ ਤੌਰ ਤੇ ਜੇਕਰ ਉਹ ਪੰਜਾਬੀ ਭਾਸ਼ਾ ਦਾ ਗਿਆਨ ਵੀ ਹਾਸਲ ਕਰ ਲੈਂਦਾ ਹੈ ਤਾਂ ਉਸ ਕੋਲ ਜੀਵਨ ਵਿੱਚ ਅੱਗੇ ਵਧਣ ਦੇ ਵਧੇਰੇ ਮੌਕੇ ਖੁੱਲ੍ਹ ਜਾਂਦੇ ਹਨ। ਇਸ ਤਰ੍ਹਾਂ ਉਹ ਸੌਖੇ ਢੰਗ ਨਾਲ ਰੁਜ਼ਗਾਰ ਹਾਸਲ ਕਰ ਸਕਦਾ ਹੈ।

ਆਮ ਤੌਰ ਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਵੱਲੋਂ ਪਹਿਲਾ ਸੁਆਲ ਇਹ ਕੀਤਾ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਪੜ੍ਹਨ ਤੋਂ ਬਾਅਦ ਕੀ ਹਾਸਲ ਹੋਵੇਗਾ? ਇਹਨਾਂ ਸਾਰੀਆਂ ਗੱਲਾਂ ਦਾ ਜੁਆਬ ਅਸੀਂ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਉਹਨਾਂ ਦੀ ਜਮਾਤ ਵਿੱਚ ਸੌਖੇ ਢੰਗ ਨਾਲ ਦੇ ਸਕਦੇ ਹਾਂ।

ਦਿੱਲੀ ਸਰਕਾਰ ਵੱਲੋਂ ਪੱਤਰ ਨੰਬਰ 2004 ਭਾਸ਼ਾ 367-383/ ਮਿਤੀ 20-1-2004 ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ ਸੀ। ਜਿਸ ਦੇ ਤਹਿਤ ਦਿੱਲੀ ਦੇ ਸਰਕਾਰੀ ਵਿਭਾਗਾਂ ਵਿੱਚ

राष्ट्रीय राजधानी क्षेत्र दिल्ली सरकार
कला, संस्कृति एवं भाषा विभाग, सी–विंग, सातवां तल,
आई.पी.एस्टेट, दिल्ली सचिवालय, नई दिल्ली
**www.artandculture.delhigovt.nic.in**

सं०फा० 02(08)2015–16/कला, संस्कृति एवं भाषा/ 1638-1641 दिनांक: 27/9/17

सेवा में,

1. समस्त विभागाध्यक्ष/कार्यालय
   राष्ट्रीय राजधानी क्षेत्र दिल्ली सरकार
2. समस्त विभागाध्यक्ष/कार्यालयाध्यक्ष, स्थानीय निकाय,
   स्वायत्त संस्थाएं, राष्ट्रीय राजधानी क्षेत्र दिल्ली सरकार

**विषय: "दिल्ली राजभाषा अधिनियम, 2000" के कार्यान्वयन के संबंध में।**

महोदय/महोदया,

जैसाकि विदित है कि राष्ट्रीय राजधानी क्षेत्र दिल्ली सरकार ने "दिल्ली राजभाषा अधिनियम–2000" के अन्तर्गत उर्दू एवं पंजाबी भाषा को दूसरी राजभाषा का दर्जा प्रदान किया है। अतः अनुरोध है कि दिल्ली सरकार के सभी विभाग/कार्यालय निम्नलिखित अनुसार "दिल्ली राजभाषा अधिनियम–2000" को क्रियान्वित करें।

(क) राष्ट्रीय राजधानी क्षेत्र दिल्ली सरकार के सभी कार्यालयों द्वारा उर्दू या पंजाबी में आवेदन पत्र अथवा याचिकाएं प्राप्त करना और उनका उत्तर देना।
(ख) महत्वपूर्ण सरकारी नियम, विनियम और राजपत्र अधिसूचनाओं के उर्दू और पंजाबी अनुवाद का भी प्रकाशन।
(ग) सरकारी भवनों, सरकारी कार्यालयों तथा सड़कों आदि के नामपट्ट उर्दू तथा पंजाबी में भी लिखा जाना।
(घ) उर्दू तथा पंजाबी के समाचार–पत्रों में महत्वपूर्ण सरकारी विज्ञापनों का भी प्रकाशन।
(ङ) जहां कहीं आवश्यक हो विधानसभा की कार्यवाही उर्दू और पंजाबी में भी अभिलेखबद्ध की जाएगी तथा उर्दू एवं पंजाबी में भी साथ–साथ जारी की जाएगी।

उर्दू एवं पंजाबी भाषा संबंधी सहायता प्राप्त करने के लिए इस विभाग के दूरभाष संख्या 23392001–4 (इन्टरकॉम 3718) से संपर्क किया जा सकता है। अधिनियम की प्रति इस विभाग की वेबसाइट **www.artandculture.delhigovt.nic.in** से प्राप्त की जा सकती है।

कृपया इसे प्राथमिकता दें।

भवदीय
बी. वशिष्ठ
(बी० एस० वशिष्ठ)
उप–सचिव (कला, संस्कृति एवं भाषा)

सं०फा० 02(08)2015–16/कला, संस्कृति एवं भाषा/ 1638-1641 दिनांक: 27/9/17

**प्रतिलिपि निम्न को सूचनार्थ एवं आवश्यक कार्यवाही हेतु अग्रसारित:–**

1. सचिव, उपराज्यपाल दिल्ली, राजनिवास सचिवालय, राजनिवास मार्ग, दिल्ली।
2. सचिव, मुख्यमंत्री, दिल्ली, दिल्ली सरकार, दिल्ली सचिवालय, नई दिल्ली।
3. सचिव, उप–मुख्यमंत्री, दिल्ली, दिल्ली सरकार, दिल्ली सचिवालय, नई दिल्ली।
4. मुख्य सचिव, दिल्ली सरकार, दिल्ली सचिवालय, नई दिल्ली।

बी. वशिष्ठ
(बी० एस० वशिष्ठ)
उप–सचिव (कला, संस्कृति एवं भाषा)

ਪੰਜਾਬੀ ਭਾਸ਼ਾ ਨਾਲ ਸੰਬੰਧਿਤ ਕਾਰਜ ਕਰਨ ਲਈ ਆਦੇਸ਼ ਜਾਰੀ ਕੀਤੇ ਗਏ ਸਨ। ਆਸ ਕੀਤੀ ਜਾਂਦੀ ਸੀ ਕਿ ਦਿੱਲੀ ਦੇ ਨਾਗਰਿਕ ਪੰਜਾਬੀ ਭਾਸ਼ਾ ਵਿੱਚ ਖ਼ਤੋ-ਖ਼ਿਤਾਬਤ (ਪੱਤਰ-ਵਿਹਾਰ) ਕਰਨ ਲਈ ਅੱਗੇ ਆਉਣਗੇ। ਮੌਜੂਦਾ ਸਮੇਂ ਦੀ ਦਿੱਲੀ ਸਰਕਾਰ ਵੱਲੋਂ 2019 ਵਿੱਚ ਵੀ ਇਸ ਸੰਬੰਧੀ ਮੁੜ ਪੱਤਰ ਜਾਰੀ ਕੀਤਾ ਗਿਆ ਹੈ। ਹੁਣ ਸਾਡੀ ਸਾਰਿਆਂ ਦੀ ਮੁੱਢਲੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਕਰੀਏ ਕਿ ਉਹ ਸਰਕਾਰੀ ਪੱਧਰ ਤੇ ਵੱਧ ਤੋਂ ਵੱਧ ਪੰਜਾਬੀ ਭਾਸ਼ਾ ਵਿੱਚ ਪੱਤਰ ਲਿਖਣ ਲਈ ਅੱਗੇ ਆਉਣ। ਅਧਿਆਪਕ ਆਪਣੀ ਜਮਾਤ ਵਿੱਚ ਵਿਦਿਆਰਥੀਆਂ ਨੂੰ ਪੋਸਟ ਕਾਰਡ ਜਾਂ ਅੰਤਰਦੇਸੀ ਪੱਤਰ ਰਾਹੀਂ ਇਸ ਪ੍ਰਕਿਰਿਆ ਦਾ ਹਿੱਸਾ ਬਣਾ ਸਕਦਾ ਹੈ। ਵਿਦਿਆਰਥੀ ਆਪਣੇ ਮਿੱਤਰਾਂ ਨੂੰ ਪੰਜਾਬੀ ਵਿਸ਼ੇ ਦਾ ਪਾਠਕ੍ਰਮ ਇਸ ਵਿੱਚ ਲਿਖ ਕੇ ਭੇਜ ਸਕਦੇ ਹਨ। ਇਸ ਤਰ੍ਹਾਂ ਵਿਦਿਆਰਥੀ ਡਾਕਘਰ, ਡਾਕ ਪੇਟੀ (ਲੈਟਰ ਬਾਕਸ) ਤੋਂ ਵੀ ਜਾਣੂ ਹੋ ਸਕਣਗੇ।

ਪੰਜਾਬੀ ਭਾਸ਼ਾ ਪੜ੍ਹਨ ਉਪਰੰਤ ਅਸੀਂ ਕਿਹੜੇ ਰੁਜ਼ਗਾਰ ਹਾਸਲ ਕਰ ਸਕਦੇ ਹਾਂ। ਇਸ ਦੀ ਜਾਣਕਾਰੀ ਹੇਠ ਲਿਖੇ ਚਾਰਟ ਰਾਹੀਂ ਦਿੱਤੀ ਗਈ ਹੈ:

| ਕ੍ਰਮ | ਸਿੱਖਿਆ | ਕਰੀਅਰ |
|---|---|---|
| 1. | ਦਸਵੀਂ | ਪੰਜਾਬੀ ਟਾਈਪਿਸਟ |
| 2. | ਬਾਰ੍ਹਵੀਂ | ਡਾਇਟ ਕੇਂਦਰ ਵਿੱਚ ਪੰਜਾਬੀ ਅਧਿਆਪਨ ਲਈ ਦਾਖ਼ਲਾ, ਪੰਜਾਬੀ ਸਟੈਨੋਗ੍ਰਾਫ਼ਰ, ਕੰਪਿਊਟਰ ਟਾਈਪਿਸਟ, ਹਵਾਈ ਕੰਪਨੀਆਂ ਵਿੱਚ ਕਰਿਊ ਮੈਂਬਰ ਬਣਨ ਦੇ ਮੌਕੇ ਆਦਿ |
| 3. | ਬੀ.ਏ. | ਅਨੁਵਾਦਕ, ਦੁਭਾਸ਼ੀਆ, ਪੱਤਰਕਾਰ (ਪ੍ਰਿੰਟ ਅਤੇ ਬਿਜਲਈ ਮੀਡੀਆ) ਮਲਟੀਮੀਡੀਆ, ਐਂਕਰਿੰਗ, ਵਿਗਿਆਪਨ, ਸਿਵਿਲ ਸੇਵਾਵਾਂ (ਆਈ.ਏ.ਐੱਸ./ਆਈ.ਪੀ.ਐੱਸ.) ਆਦਿ |
| 4. | ਐੱਮ.ਏ., ਬੀ.ਐੱਡ | ਸਕੂਲੀ ਅਧਿਆਪਕ (ਸੈਕੰਡਰੀ ਪੱਧਰ), ਸੀਨੀਅਰ ਸੈਕੰਡਰੀ ਪੱਧਰ ਆਦਿ |
| 5. | ਐੱਮ.ਫਿਲ, ਪੀ.ਐੱਚ.ਡੀ. | ਅਸਿਸਟੈਂਟ ਪ੍ਰੋਫ਼ੈਸਰ |

ਹੁਣ ਸਕੂਲ ਪੱਧਰ ਤੇ ਵਿਦਿਆਰਥੀ ਜੇਕਰ ਦੱਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਪੜ੍ਹਦੇ ਹਨ ਤਾਂ ਉਹ 'ਪੰਜਾਬੀ ਟਾਈਪਿਸਟ' ਵਜੋਂ ਰੁਜ਼ਗਾਰ ਹਾਸਲ ਕਰ ਸਕਦੇ ਹਨ। ਦਿੱਲੀ ਤੋਂ ਇਲਾਵਾ ਪੰਜਾਬ ਵਿੱਚ ਜ਼ਿਲ੍ਹਾ ਕਚਿਹਰੀਆਂ ਅੰਦਰ ਵੀ ਰੁਜ਼ਗਾਰ ਦੇ ਮੌਕਿਆਂ ਦੀ ਭਰਮਾਰ ਹੈ।



ਸਕੂਲੀ ਵਿਦਿਆਰਥੀ ਜੇਕਰ ਦੱਸਵੀਂ ਤੋਂ ਬਾਅਦ ਬਾਰ੍ਹਵੀਂ ਤੱਕ ਵੀ ਪੰਜਾਬੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਦੇ ਹਨ ਤਾਂ ਉਹਨਾਂ ਕੋਲ ਰੁਜ਼ਗਾਰ ਦੇ ਹੋਰ ਰਾਹ ਖੁੱਲ੍ਹ ਜਾਂਦੇ ਹਨ। ਖ਼ਾਸ ਤੌਰ 'ਤੇ ਦਿੱਲੀ ਸਰਕਾਰ ਦੀ ਐੱਸ.ਸੀ.ਈ.ਆਰ.ਟੀ. ਵੱਲੋਂ ਕੜਕੜਡੂਮਾ ਵਿਖੇ ਚਲਾਏ ਜਾ ਰਹੇ ਡਾਇਟ ਕੇਂਦਰ ਵਿਖੇ 'ਡੀ.ਐਲ.ਐਡ' ਦਾ ਦੋ ਸਾਲਾ ਕੋਰਸ ਕਰਕੇ ਪੰਜਾਬੀ ਅਧਿਆਪਨ ਦੇ ਖੇਤਰ ਵਿੱਚ ਵੀ ਰੁਜ਼ਗਾਰ ਹਾਸਲ ਕਰ ਸਕਦੇ ਹਨ। ਇਸ

ਤੋਂ ਇਲਾਵਾ ਪੰਜਾਬੀ ਦੇ ਕੰਪਿਊਟਰ ਟਾਈਪਿਸਟ, ਪੰਜਾਬੀ ਸਟੈਨੋਗ੍ਰਾਫ਼ਰ ਦਾ ਕੋਰਸ ਕਰਕੇ ਰੁਜ਼ਗਾਰ ਤੇ ਲੱਗ ਸਕਦੇ ਹਨ। ਵੱਖ-ਵੱਖ ਏਅਰਲਾਈਨਜ਼ ਵਿੱਚ ਏਅਰ ਹੋਸਟੇਸ ਅਤੇ ਕਰਿਊ ਟੀਮ ਦਾ ਹਿੱਸਾ ਵੀ ਬਣ ਸਕਦੇ ਹਨ। ਉਦਾਹਰਣ ਦੇ ਤੌਰ ਤੇ ਇੰਡੋ ਕਨੈਡੀਅਨ, ਵਿਸਟਾ ਏਅਰਲਾਈਨਜ਼ ਆਦਿ।

ਸਕੂਲ ਤੋਂ ਬਾਅਦ ਕਾਲਜ ਪੱਧਰ ਤੇ ਖਾਸ ਤੌਰ 'ਤੇ ਗਰੈਜੂਏਸ਼ਨ ਤੱਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰਦੇ ਹਨ ਤਾਂ ਉਹਨਾਂ ਕੋਲ ਹੁਣ ਰੁਜ਼ਗਾਰ ਲਈ ਇੱਕ ਨਹੀਂ ਅਨੇਕਾਂ ਮੌਕੇ ਮੁਹੱਈਆ ਹੋ ਜਾਂਦੇ ਹਨ। ਪੰਜਾਬੀ ਭਾਸ਼ੀ ਵਿਦਿਆਰਥੀ ਅਨੁਵਾਦਕ, ਦੁਭਾਸ਼ੀਆ, ਪਰੂਫ਼ ਰੀਡਰ ਤੋਂ ਇਲਾਵਾ ਮਲਟੀ-ਮੀਡੀਆ, ਐਨੀਮੇਸ਼ਨ, ਪੰਜਾਬੀ ਵਿਗਿਆਪਨ, ਪ੍ਰਿੰਟ ਮੀਡੀਆ ਅਤੇ ਬਿਜਲਈ ਮੀਡੀਆ ਵਿੱਚ ਐਂਕਰਿੰਗ, ਵੀਡੀਓ ਐਡੀਟਰ, ਪ੍ਰੋਡਿਊਸਰ, ਸੰਪਾਦਕ ਦਾ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

ਅਧਿਆਪਕ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਇਹ ਵੀ ਜਾਣਕਾਰੀ ਦੇ ਸਕਦਾ ਹੈ ਕਿ ਪੰਜਾਬੀ ਭਾਸ਼ਾ ਵਿੱਚ ਬੀ.ਏ., ਐਮ.ਏ., ਬੀ.ਐਡ ਕਰਨ ਤੋਂ ਬਾਅਦ ਵਿਦਿਆਰਥੀ ਸੈਕੰਡਰੀ ਤੇ ਸੀਨੀਅਰ ਸੈਕੰਡਰੀ ਪੱਧਰ ਦੀ ਜਮਾਤਾਂ ਨੂੰ ਪੜ੍ਹਾਉਣ ਵਾਲਾ ਪੰਜਾਬੀ ਅਧਿਆਪਕ ਬਣ ਸਕਦਾ ਹੈ। ਇਸ ਤੋਂ ਇਲਾਵਾ ਐੱਮ.ਫਿਲ., ਪੀਐਚ.ਡੀ., ਯੂਜੀਸੀ ਨੈੱਟ ਕਰਨ ਉਪਰੰਤ ਕਾਲਜ ਪੱਧਰ ਤੇ ਪੰਜਾਬੀ ਵਿਸ਼ੇ ਦੀ ਜਮਾਤਾਂ ਪੜ੍ਹਾ ਸਕਦਾ ਹੈ।

ਬਾਹਰਲੇ ਮੁਲਕਾਂ ਵਿੱਚ ਵੀ ਸਕੂਲਾਂ ਅੰਦਰ ਪੰਜਾਬੀ ਅਧਿਆਪਕਾਂ ਦੀ ਮੰਗ ਲਗਾਤਾਰ ਵੱਧ ਰਹੀ ਹੈ। ਇਸ ਤੋਂ ਇਲਾਵਾ ਉਥੋਂ ਪ੍ਰਸਾਰਤ ਹੁੰਦੇ ਰੇਡੀਓ ਪ੍ਰੋਗਰਾਮ, ਟੀ.ਵੀ. ਪ੍ਰੋਗਰਾਮ ਵਿੱਚ ਵੀ ਸਮੇਂ-ਸਮੇਂ ਤੇ ਪੰਜਾਬੀ ਪੜ੍ਹਨ-ਲਿਖਣ ਵਾਲਿਆਂ ਦੀ ਮੰਗ ਕੀਤੀ ਜਾਂਦੀ ਹੈ।

ਅਧਿਆਪਕ ਜਮਾਤ ਵਿੱਚ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਉੱਚੇ ਟੀਚੇ (ਉਦੇਸ਼) ਦੀ ਪ੍ਰਾਪਤੀ ਦੇ ਰਾਹ ਬਾਰੇ ਮਾਰਗ ਦਰਸ਼ਨ ਕਰੇ ਤੇ ਨਾਲ ਇਹ ਵੀ ਜਾਣਕਾਰੀ ਦੇਵੇ ਕਿ ਕੇਂਦਰ ਸਰਕਾਰ ਵੱਲੋਂ ਆਯੋਜਿਤ ਕੀਤੀ ਜਾਂਦੀ ਪਰੀਖਿਆ 'ਸਿਵਿਲ ਸੇਵਾਵਾਂ' ਵਿੱਚ ਜੇਕਰ ਵਿਦਿਆਰਥੀ ਪੰਜਾਬੀ ਭਾਸ਼ਾ ਨੂੰ ਆਪਸ਼ਨਲ ਦੇ ਤੌਰ ਤੇ ਲੈਂਦੇ ਹਨ ਤਾਂ ਉਹ ਸਿਵਲ ਸੇਵਾਵਾਂ ਵਿੱਚ ਪੰਜਾਬੀ ਮਾਧਿਅਮ ਅਤੇ ਵਿਸ਼ੇ ਵਜੋਂ ਉਸ ਵਿੱਚ ਸ਼ਾਮਲ ਹੋ ਸਕਦੇ ਹਨ। ਵਿਦਿਆਰਥੀ ਜੇਕਰ ਪੰਜਾਬੀ ਮਾਧਿਅਮ ਦੀ ਚੋਣ ਕਰਦੇ ਹਨ ਤਾਂ ਉਹਨਾਂ ਵਿਦਿਆਥੀਆਂ ਦਾ 'ਇੰਟਰਵਿਊ' ਵੀ ਪੰਜਾਬੀ ਬੋਲੀ ਵਿੱਚ ਹੋਵੇਗਾ। ਪੰਜਾਬੀ ਭਾਸ਼ਾ ਵਿੱਚ ਪਰੀਖਿਆ ਪਾਸ ਕਰਕੇ ਅਨੇਕਾਂ ਨੌਜਵਾਨ ਆਈ.ਏ.ਐੱਸ., ਆਈ.ਪੀ.ਐੱਸ., ਐਸ.ਡੀ.ਐਮ, ਜੱਜ ਆਦਿ ਦੇ ਅਹੁਦਿਆਂ 'ਤੇ ਨੌਕਰੀ ਕਰ ਰਹੇ ਹਨ।

**ਸਾਰਾਂਸ਼**

ਅੱਜ ਜ਼ਰੂਰਤ ਹੈ ਪੰਜਾਬੀ ਭਾਸ਼ਾ ਨੂੰ ਦਿਲੋਂ ਅਪਨਾਉਣ ਦੀ ਤੇ ਸ਼ੁੱਧ ਅਤੇ ਸਹੀ ਪੰਜਾਬੀ ਦੇ ਗਿਆਨ ਦੀ। ਭਾਵੇਂ ਵਿਦਿਆਰਥੀ ਸਕੂਲ ਦਾ ਹੋਵੇ ਜਾਂ ਕਾਲਜ ਦਾ ਹੋਵੇ ਉਸ ਕੋਲ ਪੰਜਾਬੀ ਭਾਸ਼ਾ ਦੇ ਨਾਲ ਸੰਬੰਧਤ ਇੱਕ ਨਹੀਂ ਅਨੇਕਾਂ ਰੁਜ਼ਗਾਰ ਦੇ ਮੌਕੇ ਮੁੱਹਈਆ ਹਨ।

◆◆◆◆◆